# ਸਾਂਝੀ ਵਿਰਾਸਤ

ਅੰਕ 42 ਜਿਲਦ 4

1-ਹਾੜ੍ਹ 557 / 15-ਜੂਨ 2025



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A Monthly Non-political, Not-for-profit (Bilingual) On-line Magazine of

**Panjabi Language, Culture, History and Heritage**

Website: **sanjhivirasat.org**

## ਵਿਸ਼ਾ ਸੂਚੀ (1-ਹਾੜ੍ਹ 557 / 15-ਜੂਨ 2025)


| | | | |
|---|---|---|---|
| 1 | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2 | ਬਾਰਹ ਮਾਹਾ ਦਾ ਪਾਠ ਅਤੇ ਵਿਆਖਿਆ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 4 |
| 3 | ਬਾਰਹ ਮਾਹਾ ਦਾ ਪਾਠ ਅਤੇ ਕਾਵਿਕ ਵਿਆਖਿਆ | ਸਰਦਾਰ ਕਰਮਜੀਤ ਸਿੰਘ ਨੂਰ | 5 |
| 4 | ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥ (ਭਾਗ-1) ਵਿਆਕਰਣਿਕ ਵਿਆਖਿਆ | ਡਾ. ਸਰਦਾਰ ਚਮਕੌਰ ਸਿੰਘ ਬਰਾੜ | 8 |
| 5 | ਸ਼ਹਾਦਤਾਂ ਦੇ ਸਫਰ ਦੇ ਗੁੱਝੇ ਭੇਦ (ਭਾਗ-2) | ਸਰਦਾਰਨੀ ਗੁਰਨਾਮ ਕੌਰ | 11 |
| 6 | ਸਮਾਜਕਿ ਬਰਾਬਰੀ ਦਾ ਸ਼ਾਹਕਾਰ ਬਾਬਾ ਬੰਦਾ ਸਿੰਘ ਬਹਾਦਰ | ਡਾ. ਸਰਦਾਰ ਕਾਬਲ ਸਿੰਘ | 14 |
| 7 | ਰੈੱਡ ਕਰਾਸ ਦੀ ਸੋਚ ਦਾ ਅਸਲ ਬਾਨੀ ਕੌਣ? | ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | 17 |
| 8 | ਦਰਬਾਰ ਸਾਹਿਬ ਦੁਆਲੇ ਉੱਚੀਆਂ ਇਮਾਰਤਾਂ ? | ਸਰਦਾਰ ਤਰਲੋਚਨ ਸਿੰਘ Ex-MP | 20 |
| 9 | ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ | ਪ੍ਰਸ਼ਨ-ਉੱਤਰ (19-22) | 21 |
| 10 | ਕੁਝ ਸਿੱਖ ਵਿਗਿਆਨੀ - ਪੁਸਤਕ ਸਮੀਖਿਆ | ਸਰਦਾਰ ਜਸਵਿੰਦਰ ਸਿੰਘ ਰੁਪਾਲ | 23 |
| 11 | ਸਾਨੂੰ ਇਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 27 |
| 12 | ਸ਼ਹੀਦੀ | ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ | 29 |
| 13 | ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ … | ਸਰਦਾਰ ਜਸਵਿੰਦਰ ਸਿੰਘ ਰੁਪਾਲ | 31 |
| 14 | ਗਜ਼ਲ | ਸ੍ਰੀ ਸਤੀਸ਼ ਗੁਲਾਟੀ | 33 |
| 15 | ਅੰਤਰ-ਰਾਸ਼ਟ੍ਰੀ ਬਾਲ ਕਵੀ ਦਰਬਾਰ (*) | ਈ-ਦੀਵਾਨ ਸੋਸਾਇਟੀ ਕੈਲਗਰੀ ਵਲੋਂ | 34 |
| 16 | ਬਾਲ ਕਵੀ ਦਰਬਾਰ ਦੀ ਰਿਪੋਰਟ | ਸਰਦਾਰ ਜਸਵਿੰਦਰ ਸਿੰਘ ਰੁਪਾਲ | 36 |
| 17 | ਧੰਨ ਗੁਰੂ ਸ੍ਰੀ ਅਰਜਨ ਦੇਵ ਜੀ | ਰੁਚਿਰਾ ਭੰਡਾਰੀ | 37 |
| 18 | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 38 |
| 19 | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਐਡੀਟੋਰੀਅਲ ਬੋਰਡ | 39 |
| 20 | ਐਡੀਟੋਰੀਅਲ ਬੋਰਡ ਤੇ ਸਲਾਹਕਾਰ | ਸਾਂਝੀ ਵਿਰਾਸਤ | 40 |


**(*) https://youtu.be/J2-tn-d1luo?feature=shared**

## ਸੰਪਾਦਕੀ ਨੋਟ

(1-ਹਾੜ੍ਹ 557 / 15-ਜੂਨ 2025 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਹਾੜ੍ਹ ਦਾ ਮਹੀਨਾ 15 ਜੂਨ ਤੋਂ ਸ਼ੁਰੂ ਹੁੰਦਾ ਹੈ। ਸਾਰੇ ਖਾਲਸਾ ਪੰਥ ਲਈ ਨਾਨਕਸ਼ਾਹੀ ਕੈਲੰਡਰ ਵਿਸ਼ੇਸ਼ ਮਹੱਤਾ ਰਖਦਾ ਹੈ। ਨਾਨਕਸ਼ਾਹੀ ਕੈਲੰਡਰ ਵਿਚ ਸਾਰੇ ਸਿੱਖ ਗੁਰਪੁਰਬਾਂ ਅਤੇ ਤਿਉਹਾਰਾਂ ਦੀਆਂ ਤਾਰੀਖਾਂ ਗੁਰਬਾਣੀ ਅਨੁਸਾਰ 'ਬਾਰਹ ਮਾਹਾ' ਦੀਆਂ ਰੁੱਤਾਂ ਅਨੁਸਾਰ ਨਿਸਚਿਤ ਹੁੰਦੀਆਂ ਹਨ ਅਤੇ ਕਦੀ ਵੀ ਬਦਲਦੀਆਂ ਨਹੀਂ।

2 ਹਾੜ੍ਹ ਦੇ ਦਿਨ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਹਾੜਾ ਹੈ। ਸ੍ਰੀ ਅਕਾਲ ਤਖਤ ਸਾਹਿਬ ਦੀ ਨੀਂਹ 18 ਹਾੜ੍ਹ ਨੂੰ ਰੱਖੀ ਗਈ ਸੀ। 21 ਹਾੜ੍ਹ ਨੂੰ ਛੇਵੇਂ ਪਾਤਸ਼ਾਹ ਗੁਰੂ ਹਰਿ ਗੋਬਿੰਦ ਸਾਹਿਬ ਦਾ ਪ੍ਰਕਾਸ਼ ਗੁਰਪੁਰਬ ਹੈ। ਬਹੁਤ ਦੁਖਦਾਈ 'ਸਾਕਾ ਨੀਲਾ ਤਾਰਾ' ਵੀ ਇਸੇ ਮਹੀਨੇ ਵਿਚ ਵਾਪਰਿਆ ਸੀ।

ਇਸ ਮਹੀਨੇ ਵਿਚ ਕੁਝ ਹੋਰ ਮਹੱਤਵਪੂਰਣ ਇਤਿਹਾਸਕ ਦਿਨ ਇਹ ਹਨ।

| | |
|---|---|
| ਜਨਮ ਦਿਨ ਭਗਤ ਕਬੀਰ ਜੀ | 4 ਹਾੜ੍ਹ |
| ਸ਼ਹੀਦੀ ਬਾਬਾ ਬੰਦਾ ਸਿੰਘ ਬਹਾਦਰ | 11 ਹਾੜ੍ਹ |
| ਬਰਸੀ ਮਹਾਰਾਜਾ ਰਣਜੀਤ ਸਿੰਘ | 15 ਹਾੜ੍ਹ |
| ਸ਼ਹੀਦੀ ਭਾਈ ਮਨੀ ਸਿੰਘ ਜੀ | 25 ਹਾੜ੍ਹ |

ਅੰਤਰ-ਰਾਸ਼ਟਰੀ ਪੱਧਰ ਉਤੇ ਇਸ ਮਹੀਨੇ ਵਿਚ 'ਵਾਤਾਵਰਣ ਸੁਰੱਖਿਆ' ਦਿਨ, 'ਬੱਚਿਆਂ ਦੇ ਮੁੱਢਲੇ ਅਧਿਕਾਰਾਂ' ਦਾ ਦਿਨ, 'ਨਸ਼ਿਆਂ ਵਿਰੁੱਧ ਦਿਨ' ਅਤੇ 'ਪਿਤਾ ਦਿਵਸ' ਮਨਾਏ ਜਾਂਦੇ ਹਨ ਤਾਕਿ ਲੋਕਾਂ ਦਾ ਧਿਆਨ ਇਨ੍ਹਾਂ ਵਿਸ਼ਿਆਂ ਦੀ ਮਹੱਤਾ ਵਲ ਦਿਵਾਇਆ ਜਾ ਸਕੇ।

### ਲੇਖਕਾਂ ਨੂੰ ਬੇਨਤੀ

ਲੇਖਕ ਆਪਣੀਆਂ ਪੰਜਾਬੀ ਦੀਆਂ (ਗੁਰਮੁਖੀ ਲਿਪੀ ਵਿਚ) ਜਾਂ ਅੰਗਰੇਜ਼ੀ ਵਿਚ ਮੌਲਿਕ ਰਚਨਾਵਾਂ ਭੇਜ ਸਕਦੇ ਹਨ। ਰਚਨਾਵਾਂ ਸੰਖੇਪ ਹੋਣ, ਲੰਬੇ ਲੇਖ ਵੈਬਸਾਈਟ (sanjhivirasat.org) ਦੇ 'ਬਲਾਗ' ਉਤੇ ਜਾਂ ਲੜੀਵਾਰ ਵੀ ਛਾਪੇ ਜਾ ਸਕਦੇ ਹਨ। ਲਿਖਤਾਂ ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਵਿਅਕਤੀ ਬਾਰੇ ਨਾ ਹੋਣ। ਪਾਠਕਾਂ ਅਤੇ ਲੇਖਕਾਂ ਦੇ ਸਹਿਯੋਗ ਅਤੇ ਸੁਝਾਵਾਂ ਲਈ ਉਨ੍ਹਾਂ ਦਾ ਧੰਨਵਾਦ।

ਪ੍ਰੋਫ਼ੈਸਰ ਡਾ. ਸੁਰਜੀਤ ਸਿੰਘ ਭੱਟੀ,
ਮੁੱਖ ਸੰਪਾਦਕ, ਕੈਲਗਰੀ (ਕੈਨੇਡਾ)
sanjhivirasat13@gmail.com
surjitsinghbhatti@gmail.com

## ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ਆਸਾੜੁ ਭਲਾ ਸੂਰਜੁ ਗਗਨਿ ਤਪੈ ॥
ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ॥
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ॥
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ ॥
ਅਵਗਣ ਬਾਧਿ ਚਲੀ ਦੁਖੁ ਆਗੈ ਸੁਖੁ ਤਿਸੁ ਸਾਚੁ ਸਮਾਲੇ ॥
ਨਾਨਕ ਜਿਸ ਨੋ ਇਹੁ ਮਨੁ ਦੀਆ ਮਰਣੁ ਜੀਵਣੁ ਪ੍ਰਭ ਨਾਲੇ ॥੮॥
ਸ੍ਰੀ ਗੁਰੂ ਗ੍ਰੰਥ ਸਾਹਿਬ {ਪੰਨਾ 1108}

ਵਿਆਖਿਆ : ਆਸਾੜ੍ਹ ਦਾ ਮਹੀਨੇ ਭਾਰਤ ਵਿਚ ਅਤਿ ਦੀ ਗਰਮੀ ਪੈਂਦੀ ਹੈ। ਤੇਜ਼ ਧੁੱਪ ਧਰਤੀ ਦੀ ਨਮੀ ਨੂੰ ਸੁਕਾ ਦੇਂਦੀ ਹੈ। ਇਥੇ ਸਤਿਗੁਰੂ ਮਨੁੱਖੀ ਜੀਵਨ ਵਿਚ ਵਿਕਾਰਾਂ ਦੀ ਗਰਮੀ ਨਾਲ ਆਈ ਤਪਸ਼ ਦੀ ਵਿਚਾਰ ਕਰਦੇ ਹਨ। ਵਿਕਾਰਾਂ ਵਿਚ ਗ੍ਰਸਤ ਜੀਵਨ ਇਨ੍ਹਾਂ ਦੀ ਤਪਸ਼ ਤੋਂ ਵਿਆਕੁਲ ਹੋ ਜਾਂਦਾ ਹੈ। ਫ਼ਿਰ ਵੀ ਔਗੁਣਾਂ ਦੀ ਤਪਸ਼ ਸੂਰਜ ਦੀ ਗਰਮੀ ਵਾਂਗ ਹਾਰ ਨਹੀ ਮੰਨਦੀ। ਜਦ ਸੂਰਜ ਦਾ ਰਥ (ਉਤੱਰ ਵਲ) ਫਿਰ ਜਾਂਦਾ ਹੈ ਤਾਂ ਗਰਮੀ ਰੂਪੀ ਔਗੁਨਾਂ ਦੇ ਚੱਕਰ ਤੋਂ ਪਰੇਸ਼ਾਨ ਮਨ ਠੰਡ ਭਾਲਣ ਲਈ ਪੁਕਾਰਾਂ ਕਰਦਾ ਹੈ। ਜਿਵੇਂ ਗਰਮੀ ਦਾ ਸਤਾਇਆ ਬੀਂਡਾ ਛਾਂ ਦੀ ਭਾਲ ਵਿਚ ਚੀਕਦਾ ਹੋਵੇ। ਔਗੁਣਾਂ ਵਿਚ ਗ੍ਰਸਤ ਜੀਵ ਦੇ ਦੁਖ ਉਸਦੇ ਨਾਲ ਜਾਂਦੇ ਹਨ। ਪ੍ਰਭੂ ਦੇ ਸਿਮਰਨ ਨਾਲ ਹੀ ਜੀਵ ਸੁਖੀ ਹੋ ਸਕਦਾ ਹੈ। ਆਪਣਾ ਆਪਾ ਸਤਿਗੁਰਾਂ ਨੂੰ ਸਮਰਪਤ ਕਰਨ ਨਾਲ ਅਤੇ ਹੁਕਮ ਅਨੁਸਾਰ ਜੀਣ ਤੇ ਮਰਣ ਦੀ ਸੋਝੀ ਆ ਜਾਂਦੀ ਹੈ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)



ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ।

ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥
ਜਗਜੀਵਨ ਪੁਰਖੁ ਤਿਆਗਿ ਕੈ ਮਾਣਸ ਸੰਦੀ ਆਸ ॥
ਦੁਯੈ ਭਾਇ ਵਿਗੁਚੀਐ ਗਲਿ ਪਈਸੁ ਜਮ ਕੀ ਫਾਸ ॥
ਜੇਹਾ ਬੀਜੈ ਸੋ ਲੁਣੈ ਮਥੈ ਜੋ ਲਿਖਿਆਸੁ ॥
ਰੈਣਿ ਵਿਹਾਣੀ ਪਛੁਤਾਣੀ ਉਠਿ ਚਲੀ ਗਈ ਨਿਰਾਸ ॥
ਜਿਨ ਕੌ ਸਾਧੂ ਭੇਟੀਐ ਸੋ ਦਰਗਹ ਹੋਇ ਖਲਾਸੁ ॥
ਕਰਿ ਕਿਰਪਾ ਪ੍ਰਭ ਆਪਣੀ ਤੇਰੇ ਦਰਸਨ ਹੋਇ ਪਿਆਸ ॥
ਪ੍ਰਭ ਤੁਧੁ ਬਿਨੁ ਦੂਜਾ ਕੋ ਨਹੀ ਨਾਨਕ ਕੀ ਅਰਦਾਸਿ ॥
ਆਸਾੜੁ ਸੁਹੰਦਾ ਤਿਸੁ ਲਗੈ ਜਿਸੁ ਮਨਿ ਹਰਿ ਚਰਣ ਨਿਵਾਸ ॥
ਸ੍ਰੀ ਗੁਰੂ ਗ੍ਰੰਥ ਸਾਹਿਬ {ਪੰਨਾ 134}

ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ, ਜਲੰਧਰ-ਪੰਜਾਬ (ਭਾਰਤ)

ਬਾਰਹ ਮਾਹਾ ਵਿਚ ਆਸਾੜੁ (ਹਾੜ੍ਹ) ਮਹੀਨੇ ਨੂੰ ਆਧਾਰ ਬਣਾ ਕੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਸਾਨੂੰ ਉਪਦੇਸ਼ ਕਰ ਰਹੇ ਹਨ ਕਿ ਇਸ ਮਹੀਨੇ ਦੀ ਤਪਸ਼ ਉਨ੍ਹਾਂ ਨੂੰ ਹੀ ਲੱਗਦੀ ਹੈ ਜਿਨ੍ਹਾਂ ਦੇ ਹਿਰਦੇ ਵਿਚ ਹਰੀ ਦਾ ਸੀਤਲ ਨਾਮ ਨਹੀਂ ਵੱਸਿਆ । ਜਗਤ ਨੂੰ ਜੀਵਨ ਦੇਣ ਵਾਲੇ ਪਰਮਾਤਮਾ ਨੂੰ ਛੱਡ ਕੇ ਕਿਸੇ ਇਨਸਾਨ ਤੇ ਆਸ ਰੱਖਣ ਵਾਲੇ ਵਿਅਕਤੀ ਦੁਚਿੱਤੀ ਵਿਚ ਪੈ ਕੇ ਖੱਜਲ ਖਰਾਬ ਹੁੰਦੇ ਹਨ ਅਤੇ ਜ਼ਿੰਦਗੀ ਦੀ ਰਾਤ ਮੁੱਕਣ ਤੇ ਪਛਤਾਉਂਦੇ ਹਨ। ਨਿਰਾਸ਼ ਹੋ ਕੇ ਅਜਿਹੇ ਮਨੁੱਖ ਇਸ ਸੰਸਾਰ ਤੋਂ ਚਲੇ ਜਾਂਦੇ ਹਨ। ਗੁਰੂ ਜੀ ਫੁਰਮਾਉਂਦੇ ਹਨ ਕਿ ਮੇਰੀ (ਪਰਮਾਤਮਾ ਅੱਗੇ) ਅਰਦਾਸ ਹੈ ਕਿ ਮੈਨੂੰ ਤੇਰੇ ਦਰਸ਼ਨ ਦੀ ਪਿਆਸ ਲੱਗੀ ਰਹੇ। ਉਸ ਵਿਅਕਤੀ ਨੂੰ ਹਾੜ੍ਹ ਦਾ ਤਪਦਾ ਹੋਇਆ ਮਹੀਨਾ ਵੀ ਸੁਹਾਵਣਾ ਲੱਗਦਾ ਹੈ ਜਿਹੜਾ ਆਪਣੇ ਹਿਰਦੇ ਵਿਚ ਹਰੀ ਨੂੰ ਵਸਾਈ ਰੱਖਦਾ ਹੈ।

## ਬਾਰਹ ਮਾਹਾ ਮਾਂਝ ਵਿੱਚੋਂ ਹਾੜ੍ਹ ਮਹੀਨੇ ਦੇ ਪਾਠ ਦੀ ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ



ਠੰਡ ਹਰੀ ਨਾਮ ਦੀ, ਨਾ ਹੋਵੇ ਜਿਨ੍ਹਾਂ ਹਿਰਦਿਆਂ ਚ, ਹਾੜ ਦਾ ਮਹੀਨਾ ਉਹਨਾਂ ਤਾਈਂ ਹੀ ਤਪਾਉਂਦਾ ਹੈ।

ਜਿੰਦਗੀ ਦੇ ਦਾਤੇ, ਪ੍ਰਮਾਤਮਾ ਨੂੰ ਛੱਡ ਕੇ ਤੇ, ਬੰਦਾ ਜਦੋ ਆਸ, ਕਿਸੇ ਬੰਦੇ ਦੀ ਤਕਾਉਂਦਾ ਹੈ।

ਓਟ ਕਿਸੇ ਹੋਰ ਦੀ ਜੋ ਤੱਕਦੈ, ਖੁਆਰ ਹੁੰਦੇ, ਜਮਾਂ ਵਾਲੀ ਫਾਹੀ, ਗਲੇ ਆਪਣੇ ਪਵਾਉਂਦਾ ਹੈ।

ਜਿਹੋ ਜਿਹਾ  ਬੀਜਦਾ ਹੈ, ਓਹੋ ਜਿਹਾ ਵੱਢਦਾ ਹੈ, ਮੱਥੇ ਉਤੇ ਲੇਖ ਜੋ, ਲਿਖਾ ਕੇ ਲਿਆਉਂਦਾ ਹੈ।

ਉਮਰਾਂ ਦੀ ਰਾਤ, ਲੰਘ ਜਾਂਦੀ ਹੈ ਨਿਰਾਸਤਾ ’ਚ, ਤੁਰ ਜਾਂਦਾ ਜੀਵ, ਪਰ ਜਾਂਦਾ ਪਛਤਾਉਂਦਾ ਹੈ।

ਸਾਧੂ ਦਾ ਮਿਲਾਪ, ਜਿਹਨੂੰ ਹੋ ਜਾਵੇ ਜਿੰਦਗੀ ’ਚ, ਮੁਕਤੀ ਵੀ ਉਹੀ ਦਰਗਾਹ ਵਿਚ ਪਾਉਂਦਾ ਹੈ।

ਕਰ ਦੇ ਤੂੰ ਕਿਰਪਾ, ਤੇ ਦਰਸ਼ਨਾਂ ਦੀ ਪਿਆਸ ਲਾ ਦੇ, ਨਾਨਕ ਇਹ ਤੇਰੇ ਅੱਗੇ, ਬੇਨਤੀ ਸੁਣਾਉਂਦਾ ਹੈ।

ਪ੍ਰਭੂ ਤੇਰੇ ਚਰਣਾਂ ਚ, ਏਹੋ ਅਰਦਾਸ ਮੇਰੀ, ਤੇਰੇ ਬਿਨ ਦੂਜਾ, ਕੋਈ  ਹੋਰ ਨਾ ਥਿਆਉਂਦਾ ਹੈ।

'ਨੂਰ' ਉਹਨੂੰ ਹਾੜ ਵੀ, ਸੁਹਾਨਾ ਬੜਾ ਲਗਦਾ ਹੈ, ਹਿਰਦੇ ਚ ਅਪਣੇ ਜੋ, ਹਰੀ ਨੂੰ ਵਸਾਉਂਦਾ ਹੈ।

## ਬਾਰਹ ਮਾਹਾ ਤੁਖਾਰੀ ਰਾਗ ਵਿੱਚੋਂ ਹਾੜ੍ਹ ਮਹੀਨੇ ਦੀ
## ਕਾਵਿਕ ਵਿਆਖਿਆ

ਹਾੜ ਦਾ ਮਹੀਨਾ ਜਦੋਂ ਚੜਦਾ ਤਾਂ ਅੰਬਰਾਂ ਤੇ,
ਸੂਰਜ ਹੈ ਅੱਗ ਵਾਂਗੂ ਤਪਦਾ ।
ਸੋਖ ਲੈਂਦੀ ਪਾਣੀ ਸਾਰਾ ਧਰਤੀ ਦਾ ਸੀਨਾ ਵੀ ਹੈ,
ਅੱਗ ਵਾਲੀ ਭੱਠੀ ਵਾਂਗੂੰ ਭਖਦਾ।
ਚੂਸ ਲੈਂਦੀ ਪਾਣੀ ਸਾਰਾ ਧੁਖ ਧੁਖ ਮਰੀਦਾ ਹੈ,
ਸੂਰਜ ਨਹੀਂ ਕੰਮ ਤਾਂ ਵੀ ਛੱਡਦਾ।
ਸੂਰਜ ਦਾ ਰੱਥ ਘੁੰਮੇ, ਜਿੰਦ ਭਾਲੇ ਛਾਂ ਪਈ,
ਭੀਂ ਭੀਂ ਦੀ 'ਵਾਜ਼ ਬੀਂਡਾ ਕੱਢਦਾ।
ਦੁੱਖ ਪਾਉਂਦੀ ਜ਼ਿੰਦਗੀ 'ਚ, ਜਿਹੜੀ ਜੀਵ ਇਸਤਰੀ ਨੇ,
ਭਾਰ ਬੰਨ ਔਗੁਣਾਂ ਦਾ ਚਾ ਲਿਆ ।
ਸੁਖ ਪਾਉਂਦੀ ਸਦਾ ਥਿਰ ਰਹਿਣ ਵਾਲੇ ਪ੍ਰਭੂ ਤਾਈਂ,
ਹਿਰਦੇ 'ਚ ਜੇਸ ਨੇ ਟਿਕਾ ਲਿਆ।
ਨਾਨਕ ਜੀ ਆਖਦੇ ਨੇ, ਜਿਸ ਜੀਵ ਇਸਤਰੀ ਨੂੰ,
ਇਹੋ ਜਿਹਾ ਮਨ ਪ੍ਰਭੂ ਦੇਂਦਾ ਹੈ
ਉਸ ਜੀਵ ਆਤਮਾ ਦਾ ਨਾਲ ਪਰਮਾਤਮਾ ਦੇ
ਸਾਥ 'ਨੂਰ' ਅੰਗ ਸੰਗ ਰਹਿੰਦਾ ਹੈ।

***

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
9815023970

**ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ॥**

**ਰਾਗੁ ਆਸਾ – ਮਃ 1 – ਸ੍ਰੀ ਗੁਰੂ ਗ੍ਰੰਥ ਸਾਹਿਬ ਜੀ॥**

ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥ ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ॥ ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ ॥ ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ॥ ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ਤਾ ਹੋਆ ਪਾਕੁ ਪਵਿਤੁ॥ ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ॥ ਜਿਤੁ ਮੁਖਿ ਨਾਮੁ ਨ ਉਚਰਹਿ ਬਿਨ ਨਾਵੈ ਰਸ ਖਾਹਿ॥ ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ॥ (ਪੰਨਾ 473)

**ਅੱਖਰੀ ਅਰਥ, ਭਾਵ ਅਰਥ ਅਤੇ ਵਿਆਕਰਣਿਕ ਰੂਪ (ਭਾਗ – 1)**

**ਵਿਆਖਿਆਕਾਰ : ਡਾ. ਸਰਦਾਰ ਚਮਕੌਰ ਸਿੰਘ ਬਰਾੜ, ਸੈਨ ਡਾਈਗੋ (ਕੈਲੀਫੋਰਨੀਆ)**



**ਸਲੋਕੁ ਮ: ੧ ॥ ਪਹਿਲਾ ਸੁਚਾ ਆਪਿ ਹੋਇ ਸੁਚੈ ਬੈਠਾ ਆਇ ॥**

ਅਰਥ: ਪੰਡਿਤ ਪਹਿਲਾਂ (ਇਸ਼ਨਾਨ ਕਰਕੇ) ਸੁੱਚਾ ਹੁੰਦਾ ਹੈ। (ਚਉਂਕੇ ਨੂੰ ਗੋਹੇ ਦਾ ਲੇਪ ਕਰਕੇ) ਸੁੱਚੇ ਥਾਂ ਉਤੇ ਆਣ ਕੇ ਬੈਠਦਾ ਹੈ।

ਭਾਵ: ਇਹ ਸਾਰੇ ਕਰਮ ਕਾਂਡ ਹਨ। ਸਰੀਰ ਪਾਣੀ ਨਾਲ ਧੋਣ ਨਾਲ ਅਤੇ ਗੋਹੇ ਦੇ ਲੇਪ ਨਾਲ ਕੋਈ ਸਥਾਨ ਸੁਚਾ ਨਹੀਂ ਹੋ ਸਕਦਾ ਹੈ।

ਵਿਆਕਰਣਿਕ ਰੂਪ: ਪਹਿਲਾ-(ਕਾਲ ਵਾਚੀ ਕਿਰਿਆ ਵਿਸ਼ੇਸ਼ਣ), ਸੁਚਾ-(ਗੁਣ ਵਾਚਕ ਵਿਸ਼ੇਸ਼ਣ), ਆਪਿ-(ਮੱਧਮ ਪੁਰਖ ਪੜਨਾਂਵ), ਹੋਇ-(ਵਰਤਮਾਨ ਦੀ ਕਿਰਿਆ), ਸੁਚੈ-ਸੁੱਚੀ ਥਾਂਵੇਂ (ਅਧਿਕਰਣ ਕਾਰਕ), ਬੈਠਾ- (ਵਰਤਮਾਨ ਦੀ ਕਿਰਿਆ) ਆਇ- (ਪੂਰਬ ਪੂਰਨ ਕ੍ਰਿਦੰਤ)।

**ਸੁਚੇ ਅਗੈ ਰਖਿਓਨੁ ਕੋਇ ਨ ਭਿਟਿਓ ਜਾਇ ॥**

ਅਰਥ : ਉਸ ਨੇ ਅੱਗੇ ਸੁੱਚੇ ਭੋਜਨ ਨੂੰ ਰੱਖਿਆ ਹੈ ਜਿਸ ਨੂੰ ਕਿਸੇ ਨੇ ਜਾ ਕੇ ਛੁਹਿਆ ਨਹੀਂ ਹੈ।

ਭਾਵ: ਪਾਣੀ ਵਿਚ ਤਾਂ ਲੱਖਾਂ ਜੀਵ ਹਨ, ਇਸ ਭੋਜਨ ਵਿਚ ਵੀ ਜੀਵ ਹਨ। ਇਹ ਸੁੱਚਾ ਨਹੀਂ ਹੈ। ਇਹ ਪਾਖੰਡ ਹੈ।

ਕਿਸੇ ਦੇ ਭੋਜ ਨੂੰ ਹੱਥ ਲਗਾਣ ਨਾਲ ਇਹ ਭਿੱਟਿਆ ਨਹੀਂ ਜਾਂਦਾ। ਭੋਜਨ ਬਣਾਨ ਲਗਿਆ ਹੱਥ ਤਾਂ ਉਸ ਨੇ ਵੀ ਜ਼ਰੂਰ ਲਾਇਆ ਹੋਵੇਗਾ।

ਵਿਆਕਰਣਿਕ ਰੂਪ : ਸੁਚੇ-ਭੋਜਨ ਨੂੰ (ਸੰਪਰਦਾਨ ਕਾਰਕ), ਅਗੈ- (ਸਥਾਨ ਵਾਚੀ ਕਿਰਿਆ ਵਿਸ਼ੇਸ਼ਣ), ਰਖਿਓਨੁ-ਰਖਿਆ (ਪੜਨਾਂਵੀ ਪਿਛੇਤਰ), ਕੋਇ-(ਅਨਿਸ਼ਚਿਤ ਅਨਿਪੁਰਖ, ਪੜਨਾਂਵ, ਕਰਤਾ ਕਾਰਕ), ਨ-ਨਾ (ਨਿਰਨਾ ਵਾਚੀ ਕਿਰਿਆ ਵਿਸ਼ੇਸ਼ਣ) ਭਿਟਿਓ- (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ), ਜਾਇ-(ਪੂਰਬ ਪੂਰਨ ਕ੍ਰਿਦੰਤ)।

**ਸੁਚਾ ਹੋਇ ਕੈ ਜੇਵਿਆ ਲਗਾ ਪੜਣਿ ਸਲੋਕੁ॥**

ਅਰਥ: ਫੇਰ ਉਸ ਨੇ ਸੁੱਚਾ ਹੋ ਕੇ ਭੋਜਨ ਖਾ ਲਇਆ ਅਤੇ ਸਲੋਕ ਪੜ੍ਹਨ ਲੱਗ ਗਇਆ ਹੈ।

ਭਾਵ: ਭੋਜਨ ਕੋਈ ਸਲੋਕ ਪੜ੍ਹਨ ਨਾਲ ਸੁਚਾ ਕਿਵੇਂ ਹੋ ਸਕਦਾ ਹੈ? ਇਹ ਪੰਡਤ ਲੋਕਾਂ ਨੂੰ ਗਲਤ ਵਿਖਾਵਾ ਕਰਕੇ ਪ੍ਰਭਾਵਤ ਕਰਦਾ ਹੈ।

ਵਿਆਕਰਣਿਕ ਰੂਪ: ਆਪਿ-ਆਪ (ਮੱਧਮ ਪੁਰਖ, ਇਕਵਚਨ, ਪੜਨਾਂਵ), ਹੋਇ- ਹੋ ਕੇ (ਪੂਰਬ ਪੂਰਨ ਕ੍ਰਿਦੰਤ), ਜੇਵਿਆ-ਮਨ ਪਸੰਦ ਖਾਧਾ (ਭੂਤ ਕ੍ਰਿਦੰਤ ਪਰ ਹੈ ਅਨਿਸ਼ਚਿਤ ਪੂਰਨ ਵਰਤਮਾਨ), ਲਗਾ- (ਭੂਤ ਕਾਲ ਦੀ ਕਿਰਿਆ), ਪੜਣਿ-ਪੜਨ (ਸੰਯੁਕਤ ਕਿਰਿਆ) ਸਲੋਕੁ- (ਕਰਮ ਕਾਰਕ, ਇਕਵਚਨ)।

**ਕੁਹਥੀ ਜਾਈ ਸਟਿਆ ਕਿਸੁ ਏਹੁ ਲੱਗਾ ਦੋਖੁ॥**

ਅਰਥ: ਭੋਜਨ ਨੂੰ ਭੋਜਨ-ਨਾਲੀ ਵਿਚ (ਜਿਥੇ ਵਿਸ਼ਟਾ ਬਣਦੀ ਹੈ) ਪਾ ਕੇ ਇਸ ਨੂੰ (ਗੰਦੇ ਥਾਂ ਸੁੱਟਣ) ਦਾ ਦੋਸ਼ੀ ਪੰਡਤ ਹੈ)।

ਵਿਆਕਰਣਿਕ ਰੂਪ: ਕੁਹਥੀ-ਭੈੜੀ ਥਾਂ ਤੇ (ਅਧਿਕਰਣ ਕਾਰਕ, ਇਕਵਚਨ); ਜਾਈ-ਜਾ ਕੇ (ਪੂਰਬ ਪੂਰਨ ਕ੍ਰਿਦੰਤ), ਸਟਿਆ- (ਭੂਤ ਕ੍ਰਿਦੰਤ ਪਰ ਹੈ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ), ਕਿਸੁ- (ਪ੍ਰਸ਼ਨ ਵਾਚੀ ਪੜਨਾਂਵ, ਕਰਮ ਕਾਰਕ, ਇਕਵਚਨ), ਏਹੁ- (ਨਿਸ਼ਚੇ ਵਾਚਕ ਪੜਨਾਂਵ), ਦੋਖੁ-(ਕਰਮ ਕਾਰਕ, ਇਕਵਚਨ)।

**ਅੰਨੁ ਦੇਵਤਾ ਪਾਣੀ ਦੇਵਤਾ ਬੈਸੰਤਰੁ ਦੇਵਤਾ ਲੂਣੁ ਪੰਜਵਾ ਪਾਇਆ ਘਿਰਤੁ ॥**

ਅਰਥ: ਉਸ ਮੁਤਾਬਕ ਭੋਜਨ, ਪਾਣੀ ਤੇ ਅੱਗ ਵੀ ਦੇਵਤੇ ਦੀ ਪਵਿੱਤਰ ਦੇਣ ਹੈ. ਅਤੇ ਪੰਜਵਾਂ ਘਿਉ ਵੀ ਪਵਿੱਤਰ ਹੀ ਪਾਇਆ।

ਵਿਆਕਰਣਿਕ ਰੂਪ : ਅੰਨੁ (ਕਰਤਾ ਕਾਰਕ, ), ਦੇਵਤਾ-(ਵਿਧੇਅ ਵਿਸ਼ੇਸ਼ਣ), (ਕਰਤਾ ਕਾਰਕ, ਇਕਵਚਨ), ਬੈਸੰਤਰੁ, ਲੂਣੁ - (ਕਰਤਾ ਕਾਰਕ, ਇਕਵਚਨ), ਪੰਜਵਾਂ-(ਕਰਮ ਵਾਚਕ ਸੰਖਿਅਕ ਵਿਸ਼ੇਸ਼ਣ), ਪਾਇਆ- (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ ਵਿਚ), ਘਿਰਤੁ-ਘਿਉ (ਕਰਮ ਕਾਰਕ, ਇਕਵਚਨ)।

**ਤਾ ਹੋਆ ਪਾਕੁ ਪਵਿਤੁ ॥**

ਅਰਥ: (ਤੇਰੇ ਮੁਤਾਬਕ) ਇਸ ਤਰਾਂ ਸਾਰਾ ਕੁਝ ਪਵਿੱਤਰ ਹੋ ਗਇਆ ਹੈ।

ਵਿਆਕਰਣਿਕ ਰੂਪ : ਤਾਂ (ਯੋਜਕ) ਹੋਆ- (ਭੂਤ ਕ੍ਰਿਦੰਤ ਅਨਿਸ਼ਚਿਤ ਵਰਤਮਾਨ ਕਾਲ), ਪਾਕ -ਪਵਿੱਤਰ (ਗੁਣ ਵਾਚਕ ਵਿਸ਼ੇਸ਼ਣ)।

**ਪਾਪੀ ਸਿਉ ਤਨੁ ਗਡਿਆ ਥੁਕਾ ਪਈਆ ਤਿਤੁ ॥**

ਅਰਥ: ਪਾਪੀ ਸਰੀਰ ਨੂੰ ਮਿਲ ਕੇ ਇਹ ਵਿਸ਼ਟਾ ਬਣ ਗਇਆ ਜਿਸ ਤੇ ਹਰ ਕੋਈ ਥੁੱਕਦਾ ਹੈ।

ਭਾਵ:- ਪੁਜਾਰੀ ਪਾਪ ਕਰਦਾ ਹੈ। ਸੋਚਦਾ ਦੱਸ਼ਣਾ ਤੱਕ ਹੈ ਅਤੇ ਲੋਕ ਵਿਖਾਵਾ ਕਰਦਾ ਹੈ।

ਵਿਆਕਰਣਿਕ ਰੂਪ: ਪਾਪੀ-(ਗੁਣ ਵਾਚਕ ਵਿਸ਼ੇਸ਼ਣ), ਸਿਉ-ਨਾਲ (ਸੰਬੰਧਕ)। ਗਡਿਆ- ਹਜਮ ਹੋਇਆ ਅਤੇ ਗੰਦ ਬਣਿਆ (ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ ਕਾਲ), ਥੁਕਾ- (ਨਾਸਕੀ, ਕਰਤਾ ਕਾਰਕ, ਬਹੁਵਚਨ), ਪਈਆ- (ਨਾਸਕੀ, ਭੂਤ ਕ੍ਰਿਦੰਤ ਅਨਿਸ਼ਚਿਤ ਪੂਰਨ ਵਰਤਮਾਨ), ਤਿਤੁ-ਉਸ ਨੂੰ (ਅਨੁਸੰਬੰਧ ਵਾਚਕ ਪੜਨਾਂਵ, ਕਰਮ ਕਾਰਕ)।

**ਜਿਤੁ ਮੁਖਿ ਨਾਮੁ ਨ ਊਚਰਹਿ ਬਿਨੁ ਨਾਵੈ ਰਸ ਖਾਹਿ ॥**

ਅਰਥ: ਅੁਸੀਂ ਜਿਸ ਮੂੰਹ ਨਾਲ ਇੰਨ੍ਹਾਂ ਸੁਆਦਾਂ ਦਾ ਅਨੰਦ ਮਾਣਦੇ ਹੋ ਉਸ ਨਾਲ ਪ੍ਰਭੂ ਦੇ ਗੁਣਾਂ ਦੇ ਭੰਡਾਰ ਨਾਮ ਨੂੰ ਨਹੀਂ ਉਚਾਰਦੇ।

ਵਿਆਕਰਣਿਕ ਰੂਪ: ਜਿਤੁ- (ਮੂਲਕ ਪੜਨਾਂਵੀ ਵਿਸ਼ੇਸ਼ਣ), ਮੁਖਿ (ਅਧਿਕਰਣ ਕਾਰਕ)।

ਊਚਰਹਿ- (ਵਰਤਮਾਨ ਕਾਲ, ਮੱਧਮ ਪੁਰਖ ਦੀ ਕਿਰਿਆ)। ਰਸ-ਸੁਆਦਾਂ ਨੂੰ (ਕਰਮ ਕਾਰਕ, ਬਹੁਵਚਨ), ਖਾਹਿ-ਖਾਂਦੇ ਹੋ (ਵਰਤਮਾਨ ਕਾਲ, ਮੱਧਮ ਪੁਰਖ, ਇਕਵਚਨ ਦੀ ਕਿਰਿਆ)।

**ਨਾਨਕ ਏਵੈ ਜਾਣੀਐ ਤਿਤੁ ਮੁਖਿ ਥੁਕਾ ਪਾਹਿ ॥੧॥**

ਅਰਥ: ਇਸ ਵਰਤਾਰੇ ਨੂੰ ਇਹ ਸਮਝੋ ਕਿ ਉਹ ਥੁੱਕਾਂ ਤੇਰੇ ਮੂੰਹ ਤੇ ਹੀ ਪੈਂਦੀਆਂ ਹਨ।

ਭਾਵ: ਜਿਹੜੇ ਲੋਕ ਗੰਦਗੀ ਤੇ ਥੁੱਕਦੇ ਹਨ ਉਹ ਥੁੱਕਾਂ ਅਜਿਹੇ ਬੰਦੇ ਦੇ ਮੂੰਹ ਤੇ ਹੀ ਪੈਂਦੀਆ ਹਨ।

ਵਿਆਕਰਣਿਕ ਰੂਪ: ਏਵੈ- (ਪਰਕਾਰ ਵਾਚੀ ਕਿਰਿਆ ਵਿਸ਼ੇਸ਼ਣ), ਜਾਣੀਐ-(ਸੰਭਾਵੀ ਭਵਿੱਖਤ ਕਾਲ ਦੀ ਕਰਮਣੀ ਵਾਚ, ਇਕਵਚਨ ਦੀ ਕਿਰਿਆ), ਪਾਹਿ-ਪੈਂਦੀਆਂ ਹਨ (ਵਰਤਮਾਨ ਕਾਲ, ਬਹੁਵਚਨ ਦੀ ਕਿਰਿਆ) ॥ 1॥

ਭਾਵ: ਜੋ ਵਿਖਾਵਾ ਕਰਦਾ ਹੈ ਸੁੱਚੇ ਹੋਣ ਦਾ ਅਤੇ ਭੋਜਨ ਨੂੰ ਪਵਿੱਤਰ ਕਰਨ ਦਾ ਉਹ ਝੂਠਾ ਹੈ। ਕਿਉਂਕਿ ਜਿਸ ਨੂੰ ਉਹ ਪਵਿੱਤਰ ਕਹਿੰਦਾ ਹੈ ਉਹ ਸਰੀਰ ਵਿਚ ਜਾ ਕੇ ਗੰਦਗੀ ਬਣਦੀ ਹੈ। ਜੇ ਇਹੋ ਜਿਹੇ ਵਿਖਾਵੇ ਕਰੀ ਜਾਵੇਂਗਾ ਪਰ ਅਸਲੀ ਸੱਚ ਨੂੰ ਨਹੀਂ ਅਪਣਾਵੇਗਾ ਤਾਂ ਅੰਤ ਨੂੰ ਤੈਨੂੰ ਹੀ ਮੂੰਹ ਦੀ ਖਾਣੀ ਪੈਣੀ ਹੈ।ਇਹੋ ਜਿਹੇ ਮੂਰਖ ਨਾਲ ਵਰਤਾ ਨਹੀਂ ਕਰਨਾ ਚਾਹੀਦਾ।

ਨੋਟ : ਲੜੀ ਜੋੜਨ ਲਈ ਇਸ ਲੇਖ ਦਾ ਦੂਜਾ ਭਾਗ ਸਾਂਝੀ ਵਿਰਾਸਤ ਦੇ ਅਗਲੇ ਅੰਕ ਵਿਚ ਪੜ੍ਹੋ ਜੀ।

## ਸ਼ਹਾਦਤਾਂ ਦੇ ਸਫ਼ਰ ਦੇ ਗੁੱਝੇ ਭੇਦ : (ਭਾਗ – 2)

ਸਰਦਾਰਨੀ ਗੁਰਨਾਮ ਕੌਰ, ਕੈਲਗਰੀ (ਕੈਨੇਡਾ)



6.ਖਾਲਸਾ ਸਾਜਨਾ ਦੀ ਗਾਥਾ ਅਸਲੋਂ ਵਿਲੱਖਣ ਅਤੇ ਨਿਵੇਕਲੀ ਹੈ। ਪੂਰੀ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਰਹਿਬਰ ਨੇ ਆਪਣੇ ਚੇਲਿਆਂ ਨੂੰ ਬਰਾਬਰ ਦੀ ਮਾਨਤਾ ਦਿੱਤੀ ਹੋਵੇ ਜਾਂ ਆਪਣੇ ਚੇਲਿਆਂ ਅੱਗੇ ਝੁਕਿਆ ਹੋਵੇ। ਪਰ ਇਹ ਪਿਰਤ ਤਾਂ ਬਾਬਾ ਨਾਨਕ ਜੀ ਨੇ ਪਹਿਲਾਂ ਹੀ ਪਾ ਦਿੱਤੀ ਸੀ। ਇੱਕ ਸੇਵਕ ਭਾਈ ਲਹਿਣਾ ਜੀ ਨੂੰ ਚੁਣ ਕੇ ਅਤੇ ਉਸ ਅੱਗੇ ਝੁਕ ਕੇ, ਗੁਰਿਆਈ ਦੀ ਗੱਦੀ ਸੌਂਪ ਉਸਨੂੰ ਗੁਰੂ ਅੰਗਦ ਜੀ ਬਣਾ ਦਿੱਤਾ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਚਰਨ-ਅੰਮ੍ਰਿਤ ਦੀ ਪਾਹੁਲ ਨੂੰ ਖੰਡੇ ਦੀ ਪਾਹੁਲ ਬਣਾ ਦਿੱਤਾ। ਗੁਰੂ ਲਈ ਵੀ ਅੰਮ੍ਰਿਤ ਉਨ੍ਹਾਂ ਹੀ ਜ਼ਰੂਰੀ ਹੈ ਜਿਨ੍ਹਾਂ ਇੱਕ ਸਿੱਖ ਲਈ।

"ਗੁਰੂ ਸਿਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ॥" 4/444

1699 ਵਿੱਚ ਪੰਥ ਨੂੰ ਗੁਰਿਆਈ ਪਹਿਲਾਂ ਦਿੱਤੀ ਅਤੇ 1708 ਵਿੱਚ ਗ੍ਰੰਥ ਨੂੰ ਬਾਅਦ ਵਿੱਚ। ਇੱਸੇ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਦੇ ਮੂਹਰੇ ਪੰਜ ਪਿਆਰੇ ਜ਼ਰੂਰੀ ਹੁੰਦੇ ਹਨ। ਕੜਾਹ ਪ੍ਰਸ਼ਾਦ ਦੀ ਦੇਗ਼ ਸੰਗਤਾਂ ਤੋਂ ਪਹਿਲਾਂ ਪੰਜ ਪਿਆਰਿਆਂ ਨੂੰ ਵਰਤਾਈ ਜਾਂਦੀ ਹੈ।

7."ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" (ਸੱਤਾ ਬਲਵੰਡ) 966

ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਅੱਗੇ ਸੀਸ ਝੁਕਾ ਕੇ ਅੰਮ੍ਰਿਤ ਛਕਾਉਣ ਦੀ ਜੁਗਤ ਨੂੰ ਅੱਗੇ ਚਲਾਉਣ ਦੀ ਜ਼ਿੰਮੇਵਾਰੀ ਪੰਜ ਪਿਆਰਿਆਂ ਨੂੰ ਸੌਂਪ ਦਿੱਤੀ। ਪਰ ਪੰਜ ਪਿਆਰਿਆਂ ਕੋਲ ਕੋਈ ਹੱਕ ਨਹੀਂ ਕਿ ਇਸ ਜੁਗਤ ਨੂੰ ਬਦਲ ਦੇਣ, ਜਿਵੇਂ ਕਿ ਪਾਣੀ ਦੀ ਥਾਂ ਦੁੱਧ, ਪਤਾਸਿਆਂ ਦੀ ਥਾਂ ਮਿਸਰੀ ਜਾਂ ਬਾਣੀਆਂ ਦਾ ਬਦਲ ਕਰ ਸਕਣ। ਖੰਡੇ ਦੀ ਪਾਹੁਲ ਦਾ ਪਹਿਲਾ ਬਾਟਾ ਗੁਰੂ ਸਾਹਿਬ ਨੇ ਇਕੱਲਿਆਂ ਹੀ ਤਿਆਰ ਕੀਤਾ ਤੇ ਪੰਜਾਂ ਨੂੰ ਛਕਾਇਆ ਵੀ ਇਕੱਲਿਆਂ ਨੇ ਹੀ। ਫਿਰ ਪੰਜਾਂ ਤੋਂ ਆਪ ਛਕਿਆ। ਅਮ੍ਰਿਤ ਤੋਂ ਬਿਨਾਂ ਸਿੱਖ ਪੰਥ ਵਿੱਚ ਸ਼ਾਮਿਲ ਨਹੀਂ ਹੋਇਆ ਜਾ ਸਕਦਾ। ਨਾਵਾਂ ਨਾਲ ਸਿੰਘ ਅਤੇ ਕੌਰ ਜੋੜਨਾ ਵੀ ਬਹੁਤ ਡੂੰਘੇ ਭੇਤ ਦੀ ਗੱਲ ਹੈ। ਇਸ ਨਾਲ ਗੁਰੂ ਦੇ ਪਰਿਵਾਰ ਵਿਚ ਸ਼ਾਮਿਲ ਹੋ ਜਾਣਾ, ਬਹੁਤ ਹੀ ਸਕੂਨ ਅਤੇ ਮਾਣ ਵਾਲੀ ਗੱਲ ਹੈ। ਪਿਤਾ ਗੁਰੂ ਗੋਬਿੰਦ ਸਿੰਘ ਜੀ, ਮਾਤਾ ਸਾਹਿਬ ਕੌਰ ਜੀ, ਦਾਦੀ ਮਾਤਾ ਗੁਜਰ ਕੌਰ ਜੀ ਅਤੇ ਚਾਰੇ ਸਾਹਿਬਜ਼ਾਦੇ ਭਰਾ ਬਣ ਗਏ।

"ਜਿਸ ਕਾ ਪਿਤਾ ਤੂ ਹੈ ਮੇਰੇ ਸੁਆਮੀ ਤਿਸੁ ਬਾਰਿਕ ਭੂਖ ਕੈਸੀ" ॥ 5/1266.

8.ਪੰਥ ਸਿਰਫ਼ ਮਰਿਆਦਾ ਤਹਿ ਕਰ ਸਕਦਾ ਹੈ। ਕੌਮ ਅੱਗੇ ਅਚਾਨਕ ਕੋਈ ਸਮਸਿਆ ਆ ਖੜ੍ਹੀ ਹੋਵੇ ਤਾਂ ਫੈਸਲਾ ਲੈ ਸਕਦਾ ਹੈ। ਗੁਰੂ ਦੀ ਬਾਣੀ ਦੇ ਰਹੱਸ ਵਿੱਚੋਂ ਹੱਲ ਲੱਭ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਰੀਰਕ ਜਾਮੇ ਵਿੱਚ ਦੋ ਵਾਰੀ ਪੰਥ ਦਾ ਹੁਕਮ ਮੰਨ ਕੇ ਇਸ ਪਿਰਤ ਨੂੰ ਪੱਕਾ ਕਰ ਦਿੱਤਾ। ਪਹਿਲੀ ਵਾਰੀ ਚਮਕੌਰ ਸਾਹਿਬ ਦੀ ਗੜ੍ਹੀ ਵਿੱਚ। ਦੂਜੀ ਵਾਰੀ ਖਾਲਸੇ ਦੀ ਪ੍ਰਪੱਕਤਾ ਦੇਖੀ ਦਾਦੂ ਫ਼ਕੀਰ ਦੀ ਸਮਾਧ ਵੱਲ ਤੀਰ ਝੁਕਾ ਕੇ।

ਇਸ ਤੋਂ ਬਾਅਦ ਸਮਸਿਆ ਆਈ ਸੀ ਜਦੋਂ ਜਨਰਲ ਵੈਦਿਆ, ਜੋ ਕਿ 1984 ਵਿੱਚ ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ ਤੇ ਹਮਲਾ ਕਰਨ ਸਮੇਂ ਭਾਰਤੀ ਫੌਜਾਂ ਦਾ ਕਮਾਂਡਰ ਸੀ, ਉਸ ਨੂੰ ਮਾਰਨ ਵਾਲੇ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਅਤੇ ਸੁਖਦੇਵ ਸਿੰਘ ਸੁੱਖਾ ਨੇ ਅੰਮ੍ਰਿਤ ਛੱਕਣ ਦੀ ਇੱਛਾ ਜ਼ਾਹਰ ਕੀਤੀ। ਪਰ ਸਰਕਾਰ ਨੇ ਪ੍ਰਬੰਧ ਕਰਨ ਤੋਂ ਇਨਕਾਰ ਕਰ ਦਿੱਤਾ ਤਾਂ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਦੋ ਚੋਲੇ ਉਨ੍ਹਾਂ ਕੋਲ ਭੇਜੇ ਗਏ ਅਤੇ ਉਨ੍ਹਾਂ ਨੂੰ ਪੰਥ ਵਿੱਚ ਸ਼ਾਮਿਲ ਕਰ ਲਿਆ ਗਿਆ। ਇਹੀ ਚੋਲੇ ਉਨ੍ਹਾਂ ਨੇ ਫਾਂਸੀ ਦਾ ਰੱਸਾ ਚੁੰਮਣ ਸਮੇਂ ਪਾਏ ਸਨ। ਇਸੇ ਤਰ੍ਹਾਂ ਬੀਬੀ ਸੁਰਿੰਦਰ ਕੌਰ, ਵਿਧਵਾ ਭਾਈ ਸਤਵੰਤ ਸਿੰਘ, ਨੇ ਪੰਥ ਤੋਂ ਇਜਾਜ਼ਤ ਲੈ ਕੇ ਉਸ ਦੀ ਫੋਟੋ ਨਾਲ ਲਾਵਾਂ ਲੈ ਕੇ ਕਨੂੰਨੀ ਤੌਰ ਤੇ ਉਸ ਦੀ ਪਤਨੀ ਬਣੀਂ। ਮੌਜੂਦਾ ਸਮੇਂ ਨਿਸ਼ਾਨ ਸਾਹਿਬ ਦੇ ਵਸਤਰਾਂ ਦਾ ਰੰਗ ਬਦਲਣਾ ਵੀ ਇਸੇ ਪ੍ਰਕਿਰਿਆ ਦਾ ਹਿੱਸਾ ਹੈ।

9.ਸਰਸਾ ਨਦੀ ਦੇ ਪੜਾਅ ਤੋਂ ਦਿੱਤੇ ਕੁਝ ਰਮਜ਼ਾਂ ਭਰੇ ਸੁਨੇਹੇ। ਦੁਨਿਆਵੀ ਰਸਾਂ ਕਸਾਂ ਦਾ ਸਮਾਂ ਥੋੜ੍ਹਚਿਰਾ ਅਤੇ ਛਿੰਨ ਭੰਗਰ ਹੈ।

"ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥" 5/1100.

"ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ॥"

ਦ੍ਰਿਸ਼ਟਮਾਨ ਸਭ ਬਿਨਸੀਐ ਕਿਆ ਲਗਹਿ ਗਵਾਰ॥" 5/913.

ਬਹੁਤ ਹੀ ਕੀਮਤੀ ਵਸਤਾਂ, ਖਜ਼ਾਨਾ ਅਤੇ ਬਵੰਜਾ ਕਵੀਆਂ ਦੁਆਰਾ ਰਚਿਆ ਸਾਹਿਤ ਜਿਵੇਂ ਸਰਸਾ ਨੇ ਦੋਵੇਂ ਬਾਹਾਂ ਉਲਾਰ ਕੇ ਗੁਰੂ ਦੀਆਂ ਕੀਮਤੀ ਸੁਗਾਤਾਂ ਨੂੰ ਆਪਣੀ ਬੁੱਕਲ ਵਿਚ ਲੁਕੋ ਲਿਆ ਹੋਵੇ। ਸੰਤ ਰਾਮ ਉਦਾਸੀ ਲਿਖਦਾ ਹੈ :

'ਟੁੱਭੀ ਮਾਰ ਕੇ ਸਰਸਾ ਦੇ ਰੋੜ੍ਹ ਅੰਦਰ,
ਕੱਢ ਲਵਾਂਗੇ ਸਾਰੇ ਹੀ ਗੀਤ ਤੇਰੇ।'

10. ਇਸੇ ਸਰਸਾ ਦੇ ਕੰਢੇ ਤੇ ਗੁਰੂ ਸਾਹਿਬ ਜੀ ਦਾ ਪਰਿਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ। ਸਾਡੇ ਲਈ ਸੁਨੇਹਾ ਹੈ ਕਿ ਇਸ ਰਸਤੇ ਤੇ ਤੁਰਦਿਆਂ ਪਰਿਵਾਰ ਵੀ ਖੇਰੂੰ ਖੇਰੂੰ ਹੋ ਸਕਦਾ ਹੈ। ਜਿਉਂ ਹੀ ਗੁਰੂ ਸਾਹਿਬ ਨੇ ਅਨੰਦ ਪੁਰ ਸਾਹਿਬ ਛੱਡਿਆ, ਮੁਗਲੀ ਅਤੇ ਹਿੰਦੂ ਫੌਜਾਂ ਸਾਰੇ ਵਾਅਦੇ, ਕਸਮਾਂ ਅਤੇ ਸੌਹਾਂ ਤੋੜ ਕੇ ਪਿਛਾ ਕਰਨ ਲੱਗੀਆਂ। ਇਥੇ ਫੌਜਾਂ ਨੇ ਸ਼ਬਦ ਪੜ੍ਹਦਿਆਂ ਨੂੰ ਘੇਰਾ ਪਾ ਲਿਆ। ਆਸਾ ਕੀ ਵਾਰ ਦੀ ਬਾਣੀ ਦੀ ਸੰਪੂਰਨਤਾ ਲਈ 250 ਸਿੰਘ ਸ਼ਹੀਦ ਹੋ ਗਏ। ਗੁਰੂ ਸਾਹਿਬ ਦਾ ਪੰਥ ਨੂੰ ਸੁਨੇਹਾ ਹੀ ਹਾਲਾਤ ਕੋਈ ਵੀ ਹੋਣ ਪਰ ਨਿੱਤਨੇਮ ਨਹੀਂ ਛੱਡਣਾ।

ਇਸੇ ਸ਼ਬਦ ਜਾਂ ਵਿਚਾਰ ਨੂੰ ਘੇਰਾ ਸਰਹਿੰਦ ਵਿਖੇ ਪਿਆ। ਜਿਥੇ ਸੱਤ ਅਤੇ ਨੌਂ ਸਾਲਾਂ ਦੇ ਮਹਾਨ ਬਾਬਿਆਂ ਨੂੰ ਬੱਚੇ ਸਮਝ ਕੇ ਦਬਾਉਣ ਅਤੇ ਕੁਚਲਣ ਦਾ ਯਤਨ ਕੀਤਾ ਗਿਆ। ਇਸ ਵਿੱਚ ਤਿੰਨ ਵਿਰੋਧੀ ਤਾਕਤਾਂ ਜਿਨ੍ਹਾਂ ਵਿੱਚ ਜ਼ਾਲਮ ਰਾਜਾ, ਚਾਣਕਿਆ ਨੀਤੀ ਵਾਲਾ ਸ਼ਾਤਰ ਬ੍ਰਾਹਮਣ ਅਤੇ ਕਮਜ਼ੋਰ ਪੈ ਚੁੱਕਿਆ ਨਿਆਂ।

ਗੁਰੂ ਨਾਨਕ ਜੀ ਨੇ ਕਿਹਾ ਸੀ :

"ਰਾਜੇ ਸੀਹ ਮੁਕਦਮ ਕੁੱਤੇ ॥ ਜਾਇ ਜਗਾਇਨਿ੍ ਬੈਠੇ ਸੁਤੇ॥" 1/1266.

ਵਿਚਾਰਾਂ ਦੀ ਇਸ ਸ਼ਕਤੀ ਨੂੰ ਦਬਾਉਣ ਜਾਂ ਈਨ ਮਨਾਉਣ ਲਈ ਪਹਿਲਾਂ ਲਾਲਚ ਫਿਰ ਡਰਾਵੇ ਅੰਤ ਵਿਚ ਮਾਨਸਿਕ ਅਤੇ ਸਰੀਰਕ ਤਸ਼ੱਦਦ। ਪਰ ਇਹ ਸ਼ਬਦ ਨੀਹਾਂ ਤੋਂ ਅਸਮਾਨ ਤੱਕ ਅਤੇ ਇੱਕ ਸ਼ਹਿਰ ਤੋਂ ਬ੍ਰਹਿਮੰਡ ਤੱਕ ਗੂੰਜਦਾ ਹੈ। ਕਚਹਿਰੀ ਵਿੱਚ ਅਤੇ ਨੀਹਾਂ ਵਿੱਚ ਖੜ ਕੇ ਲਾਏ ਜੈਕਾਰਿਆਂ ਨੇ ਹਕੂਮਤ ਨੂੰ ਝੰਜੋੜ ਕੇ ਰੱਖ ਦਿੱਤਾ।

ਦੁਨੀਆਂ ਦੇ ਇਤਿਹਾਸ ਵਿੱਚ ਸਭ ਤੋਂ ਰੂਹ ਕੰਬਾਊ ਦਾਸਤਾਨ ਹੈ ਅਤੇ ਬ੍ਰਹਿਮੰਡ ਦੀ ਸਭ ਤੋਂ ਸ਼ਕਤੀਸ਼ਾਲੀ ਅਵਾਜ਼ ਜਿਸ ਨੇ ਤਕਰੀਬਨ ਅੱਠ ਸੌ ਸਾਲ ਪੁਰਾਣੀ ਮੁਗਲ ਹਕੂਮਤ ਦੀਆਂ ਜੜਾਂ ਉਖਾੜ ਕੇ ਰੱਖ ਦਿੱਤੀਆਂ।

11.ਚਮਕੌਰ ਸਾਹਿਬ ਦੀ ਗੜ੍ਹੀ ਦੇ ਵਰਤਾਰੇ।

ਕੱਚੀ ਗੜ੍ਹੀ ਦੇ ਵਿਚੋਂ 40 ਭੁੱਖੇ, ਪਿਆਸੇ, ਥੱਕੇ, ਜ਼ਖਮਾਂ ਅਤੇ ਠੰਡ ਨਾਲ ਉੱਧੜੇ ਸਰੀਰਾਂ ਵੱਲੋਂ ਦੱਸ ਲੱਖ ਨਾਲ ਮੁਕਾਬਲਾ ਕਰਨਾ ਕਿਸੇ ਦੈਵੀ ਰਹੱਸ ਤੋਂ ਘੱਟ ਨਹੀਂ ਹੈ। ਇਹ ਤਾਂ ਹੀ ਸੰਭਵ ਹੈ ਜੇ ਗੁਰੂ ਅੰਗਸੰਗ ਹੈ। ਗੁਰੂ ਪਹਿਰੇਦਾਰ ਬਣ ਨਾਲ ਖਲੋਤਾ ਹੈ। ਗੁਰੂ ਤੋਂ ਥਾਪੜਾ ਲੈ ਕੇ ਜਦੋਂ ਕੋਈ ਵੀ ਮੈਦਾਨਿ-ਜੰਗ ਵਿੱਚ ਜਾਂਦਾ ਹੈ ਤਾਂ ਅਜਿੱਤ ਹੀ ਰਹਿੰਦਾ ਹੈ, ਕਦੇ ਹਾਰਦਾ ਨਹੀਂ।

ਗੁਰੂ ਦੇ ਇਲਾਹੀ ਜਲਾਲ ਦੇ ਸਾਹਮਣੇ ਗਿਣਤੀ ਕੋਈ ਮਾਅਨੇ ਨਹੀਂ ਰੱਖਦੀ। ਜੰਗ ਗਿਣਤੀਆਂ ਦੀ ਨਹੀਂ ਸੀ। ਇੱਕ ਪਾਸੇ ਝੂਠ, ਫਰੇਬ ਅਤੇ ਹੰਕਾਰ ਦੂਜੇ ਪਾਸੇ ਰੂਹਾਨੀ ਜਜ਼ਬਾ। ਦੱਸ ਲੱਖ ਦੇ ਸਾਹਮਣੇ ਹਿੱਕ ਡਾਹ ਖਲੋਣਾ ਗੁਰੂ ਦੀ ਕਿਰਪਾ ਦ੍ਰਿਸ਼ਟੀ ਤੋਂ ਬਿਨਾਂ ਸੰਭਵ ਨਹੀਂ। ਚੌਦਾਂ ਸਾਲਾਂ ਦਾ ਸਾਹਿਬਜ਼ਾਦਾ ਜੁਝਾਰ ਸਿੰਘ, ਜਿਸ ਨੂੰ ਜੰਗ ਦਾ ਕੋਈ ਬੁਤਾ ਅਭਿਆਸ ਵੀ ਨਹੀਂ ਸੀ, ਨੇ 40 ਜਰਨੈਲਾਂ ਦੇ ਸਿਰ ਲਾਹ ਦਿੱਤੇ। ਇਹ ਕਿਸੇ ਕਰਾਮਾਤ ਤੋਂ ਘੱਟ ਨਹੀਂ ਹੈ। ਅੱਲ੍ਹਾ ਯਾਰ ਖਾਂ ਜੋਗੀ ਜੀ ਲਿਖਦੇ ਹਨ :

'ਦਸ ਬੀਸ ਕੋ ਜ਼ਖ਼ਮੀ ਕੀਯਾ, ਦਸ ਬੀਸ ਕੋ ਮਾਰਾ। ਗ਼ੁਲ ਮਚ ਗਯਾ ਰਣ ਮੇਂ, ਏਕ ਤਿਫ਼ਲ ਨੇ ਚਾਲੀਸ ਕੋ ਮਾਰਾ।

ਉਹ ਲਿਖਦੇ ਹਨ :


'ਬੱਸ ਏਕ ਹਿੰਦ ਮੇਂ ਏਕ ਹੀ ਤੀਰਥ ਹੈ ਯਾਤਰਾ ਕੇ ਲੀਏ, ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਯੇ।'

# ਸਮਾਜਕਿ ਬਰਾਬਰੀ ਦਾ ਸ਼ਾਹਕਾਰ ਬੰਦਾ ਸਿੰਘ ਬਹਾਦਰ

ਡਾ. ਸਰਦਾਰ ਕਾਬਲ ਸਿੰਘ, ਐਡਮਿੰਟਨ (ਕੈਨੇਡਾ)

## ਪਿਛੋਕੜ:

ਭਾਰਤੀ ਸਮਾਜ ਵਿਚ ਕੁਦਰਤੀ ਸਰੋਤ ਨੂੰ ਹੀ ਨਹੀਂ ਸਗੋਂ ਕੁਝ ਲੋਕਾਂ ਨੂੰ ਵੀ ਕਿਸੇ ਦੀ ਨਿੱਜੀ ਮਾਲਕੀ ਬਣਾਂ ਕੇ ਸਮਾਜ ਵਿਚ ਊਚ ਨੀਚ ਪੈਦਾ ਕੀਤੀ ਗਈ। ਵਿਤਕਰੇ ਅਤੇ ਜਬਰ ਦੀਆਂ ਵਿਚਾਰ ਧਾਰਾਵਾਂ ਆਰਥਿਕ ਤੇ ਮਨੁੱਖਤਾ ਦੀ ਨਾ-ਬਰਾਬਰੀ (ਊਚ-ਨੀਚ) ਨੂੰ ਠੀਕ ਠਹਿਰਾਉਂਦੀਆਂ ਸਨ। ਸਿੱਖ ਧਰਮ ਨੇ ਸਾਂਝੀਵਾਲਤਾ ਅਤੇ ਬਰਾਬਰੀ ਨੂੰ ਆਪਣੇ ਫਲਸਫੇ ਵਿਚ ਰਖਿਆ, ਜਿਹੜਾ ਕਿ ਪਹਿਲਾਂ ਕਿਸੇ ਵੀ ਧਰਮ ਨੇ ਨਹੀਂ ਸੀ ਕੀਤਾ।



ਬੰਦਾ ਸਿੱਘ ਬਹਾਦਰ ਬਾਰੇ ਲਿਖਤਾਂ ਵਿਚ ਫਲਸਫੇ ਅਤੇ ਨੀਤੀਆਂ ਨਾਲੋਂ ਲੜਾਈਆਂ ਵਿਚ ਜਿੱਤਾਂ, ਗੁਰੂ ਸਾਹਿਬਾਂ ਦੇ ਨਾਂ ਤੇ ਸਿੱਕੇ ਤੇ ਮੋਹਰਾਂ, ਅਤੇ ਕਿਸਾਨਾਂ ਨੂੰ ਜਮੀਂਨ ਦੇ ਮਾਲਕ ਬਣਾਉਣ ਬਾਰੇ ਜ਼ਿਆਦਾ ਵਜਨ ਮਿਲਦਾ ਹੈ। ਮਿਸਾਲ ਵਜੋਂ ਉਨ੍ਹਾਂ ਦੀ ਇਕ ਵੱਡੀ ਕ੍ਰਾਂਤੀ, ਗਰੀਬਾਂ ਤੇ ਕਥਿੱਤ ਨੀਚ ਜਾਤੀਆਂ ਵਾਲੇ ਲੋਕਾਂ ਨੂੰ ਬਰਾਬਰੀ ਦਵਾਉਣ ਤੇ ਤਾਕਤਵਰ ਬਣਾਉਣ ਵਲ ਬਹੁਤ ਵੱਡੇ ਉਦੱਮ ਸਨ, ਜਿਸਦਾ ਜ਼ਿਕਰ ਬਹੁਤ ਘੱਟ ਮਿਲਦਾ ਹੈ।

ਸੰਤ ਕਬੀਰ ਜੀ ਨੇ ਸਾਧਨ ਹੜੱਪਣ ਵਾਲਿਆਂ ਨੂੰ ਧਰਤੀ ਤੇ ਭਾਰ ਹੋਣ ਤੇ ਇਨ੍ਹਾਂ ਤਸਕਰਾਂ ਦਾ ਭਾਰ ਲਾਹੁਣ ਲਈ ਕਿਹਾ ਸੀ। ਬੰਦਾ ਸਿੰਘ ਬਹਾਦਰ ਨੇ ਗੁਰੂਆਂ ਤੇ ਕਬੀਰ ਜੀ ਦੇ ਫਲਸਫੇ ਨੂੰ ਅਮਲੀ ਰੂਪ ਦਿੱਤਾ।

## ਸਮਾਜਿਕ ਬਰਾਬਰੀ ਤੇ ਇਸਦੀ ਮਹਾਨਤਾ:

ਬੰਦਾ ਸਿੰਘ ਬਹਾਦਰ ਨੇ ਸਿੱਖ ਗੁਰੂ ਸਾਹਿਬਾਂ ਵਲੋਂ ਸਾਂਝੀਵਾਲਤਾ ਤੇ ਬਰਾਬਰੀ ਦੇ ਫਲਸਫੇ ਨੂੰ ਅਮਲ ਵਿਚ ਲਿਆਉਣ ਦੀ ਵਿਸ਼ਵ ਮਹੱਤਵ ਦੀ ਨੀਤੀ ਦਾ ਐਲਾਨ ਪਹਿਲੇ ਸਿੱਖ ਰਾਜ ਦੀ ਰਾਜਧਾਨੀ ਲੋਹਗੜ੍ਹ ਵਿਚ ਕੀਤਾ। ਇਸ ਰਾਹੀਂ ਉਸ ਨੇ ਦਰਸਾਇਆ ਕਿ ਇਹ ਰਾਜ ਸਿੱਖ ਗੁਰੂ ਸਾਹਿਬਾਂ ਦੀ ਸੋਚ ਅਨੁਸਾਰ ਸਥਾਪਤ ਹੋਇਆ ਹੈ। ਜਿਸ ਦਾ ਬਿਗਲ ਗੁਰੂ ਨਾਨਕ ਜੀ ਨੇ ਵਜਾਇਆ ਅਤੇ ਖਰੜਾ ਗੁਰੂ ਗੋਬਿੰਦ ਸਿੰਘ ਜੀ ਨੇ ਤਿਆਰ ਕੀਤਾ ਸੀ।

ਵਿਲਿਅਮ ਇਰਵਿਨ ਨੇ ਲਿਖਿਆਂ ਹੈ ਕਿ 'ਜੋ ਵੀ ਭਾਰਤੀ ਸਮਾਜ ਵਿਚ ਨੀਚ ਤੋਂ ਨੀਚ ਜਾਤੀ ਦਾ ਚਮਿਆਰ ਜਾਂ ਭੰਗੀ ਆਪਣੇ ਘਰੋਂ ਚੱਲ ਕੇ ਬੰਦਾ ਸਿੰਘ ਬਹਾਦਰ ਪਾਸ ਪਹੁੰਚਦਾ ਤਾਂ ਉਹ ਥੋੜੇ ਹੀ ਸਮੇ ਵਿਚ ਆਪਣੇ ਪਿੰਡ ਦਾ ਹਾਕਮ ਬਣਨ ਦੇ ਹੁਕਮ ਆਪਣੇ ਹੱਥ ਵਿੱਚ ਲੈ ਕੇ ਵਾਪਸ ਮੁੜਦਾ ਸੀ। ਇਸ ਤਰਾਂ ਦੇ ਹੁਕਮ ਨਾਲ ਲੈਸ ਹੋਇਆ ਉਹ ਕਥਿਤ ਨੀਚ ਜਦ ਪਿੰਡ ਪਹੁੰਚਦਾ ਸੀ ਤਾਂ ਜੱਦੀ ਤੇ ਅਖੌਤੀ ਉਚੀ ਕੁਲ ਵਾਲੇ ਪਿੰਡ ਦੀਆਂ ਬਰੂਹਾਂ ਤੇ ਉਸਦਾ ਸਵਾਗਤ ਕਰਨ ਲਈ ਪਹੁੰਚੇ ਹੁੰਦੇ ਸਨ। ਉਹ ਉੱਚੀ ਕੁਲ ਵਾਲੇ ਲੋਕ ਨੀਚ ਕੁਲ ਵਾਲੇ ਹਾਕਮ ਨੂੰ ਜਲੂਸ ਦੀ ਸ਼ਕਲ ਵਿਚ ਪਿੰਡ ਲੈ ਕੇ ਆਉਂਦੇ ਸਨ। ਪਿੰਡ ਪਹੁੰਚ ਕੇ ਉਹ ਉਸ ਨਵੇਂ ਬਣੇ ਹਾਕਮ ਸਾਹਮਣੇ ਹੱਥ ਬੰਨ ਕੇ ਖੜ੍ਹੇ ਉਸਦੇ ਨਵੇਂ ਹੁਕਮ ਨੂੰ ਉਡੀਕਦੇ ਰਹਿੰਦੇ ਸਨ।'

ਇਸ ਤਰਾਂ ਬੰਦਾ ਸਿੰਘ ਬਹਾਦਰ ਨੇ ਕਥਿਤ ਨੀਚ ਜਾਤਾਂ ਦੇ ਦੱਬੇ-ਕੁਚਲੇ ਵਰਗਾਂ ਨੂੰ ਫੌਜ ਵਿਚ ਨੌਕਰੀਆਂ ਦੇ ਕੇ ਨਾ ਕੇਵਲ ਉਨ੍ਹਾਂ ਦਾ ਜੀਵਨ ਪੱਧਰ ਹੀ ਉੱਪਰ ਕੀਤਾ ਸਗੋਂ ਸਮਾਜਿਕ ਕ੍ਰਾਂਤੀ ਦਾ ਬੀਜ ਵੀ ਬੀਜਿਆ। ਇੱਕ ਪਾਸੇ ਹਾਕਮ, ਜਗੀਰਦਾਰ ਤੇ ਅਹਿਲਕਾਰ ਸਨ ਅਤੇ ਦੂਜੇ ਪਾਸੇ ਭਾਰਤੀ ਸਮਾਜਿਕ ਅਨੁਸਾਰ ਨੀਚ ਜਾਤੀਆਂ ਜਾਂ ਸ਼ੂਦਰ ਸਮਝੇ ਜਾਂਦੇ, ਹਲਵਾਹਕ, ਕਿਰਤੀ ਅਤੇ ਦਸਤਕਾਰ ਸਨ।

ਇਹ ਇੱਕ ਅਜਿਹੀ ਕ੍ਰਾਂਤੀ ਸੀ ਜਿਸ ਨੇ ਵਰਣ ਵਿਵਸਥਾ ਦੀਆਂ ਚੂਲਾਂ ਹਿਲਾਅ ਦਿੱਤੀਆਂ ਸਨ। ਬੰਦਾ ਸਿੰਘ ਬਹਾਦਰ ਦੀ ਵਰਗ-ਵਿਭਾਜਤ ਸਮਾਜ ਦੇ ਇਤਿਹਾਸ ਵਿਚ ਇਹ ਵਿਸ਼ਵੀ ਮਹੱਤਤਾ ਵਾਲੀ ਘਟਨਾ ਨੇ ਨਵੇਂ ਕੀਰਤੀਮਾਨ ਸਿਰਜੇ ਸਨ।

## ਸਮਾਜਿਕ ਬਰਾਬਰੀ ਬਾਰੇ ਵਿਚਾਰ:

ਇਤਿਹਾਸਕਾਰ, ਜੇ. ਡੀ. ਕਨਿੰਘਮ ਅਨੁਸਾਰ ਦਸਵੇਂ ਗੁਰੂ ਨੇ ਦੱਬੇ ਕੁਚਲੇ ਲੋਕਾਂ ਦੀ ਸੁੱਤੀ ਹੋਈ ਸ਼ਕਤੀ ਨੂੰ ਜ਼ਬਰਦਸਤ ਤਰੀਕੇ ਨਾਲ ਜਾਗਰਤ ਕਰ ਦਿੱਤਾ ਸੀ। ਗੁਰੂ ਨਾਨਕ ਜੀ ਦੇ ਫਲਸਫੇ ਅਨੁਸਾਰ ਗੁਰੂ ਗੋਬਿੰਦ ਸਿੰਘ ਦਾ ਸੁਪਨਾ ਜਾਬਰ ਅਤੇ ਊਚ-ਨੀਚ ਵਿਵਸਥਾ ਤੇ ਉਸ ਦੀ ਸੱਤਾ ਦਾ ਖਾਤਮਾ ਕਰਕੇ ਸਾਂਝੀਵਾਲਤਾ ਤੇ ਮਾਨਵਤਾ ਵਾਲੀ ਬਦਲਵੀਂ ਵਿਵਸਥਾ ਸਥਾਪਤ ਕਰਨਾ ਸੀ, ਜਿੱਥੇ ਕਾਣੀ ਵੰਡ ਨਾ ਰਹੇ। ਜਿਸ ਨੂੰ ਕਈ ਵਿਦਵਾਨਾਂ ਨੇ ਧਰਮ ਦੀ ਰੱਖਿਆ ਲਈ ਸੰਘਰਸ਼ ਅਤੇ ਸ਼ਹਾਦਤ ਦਾ ਨਾਮ ਦਿੱਤਾ ਹੈ।

ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਨੇ ਬੰਦਾ ਸਿੰਘ ਬਹਾਦਰ ਨੂੰ ਕੌਮੀ ਨਾਇਕ ਦਾ ਰੁਤਬਾ ਪ੍ਰਦਾਨ ਕਰਦਿਆ ਪਹਿਲੇ ਸਿੱਖ ਰਾਜ ਦਾ ਬਾਨੀ ਦੱਸਿਆ ਹੈ, ਜਿਸ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸੁਪਨਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਬਾਅਦ ਇਕ ਸਾਲ ਵਿਚ ਹੀ ਪੂਰਾ ਕਰ ਦਿਤਾ। ਉਸ ਦਾ ਮੱਤ ਇਹ ਹੈ ਕਿ ਦੂਸਰੇ ਸੰਸਾਰ ਪ੍ਰਸਿੱਧ ਜੇਤੂ (ਸਿਕੰਦਰ, ਚੰਗੇਜਖਾਨ, ਆਦਿ) ਜਨਸਮੂਹਾਂ ਦਾ ਸ਼ੋਸ਼ਣ ਤੇ ਜਬਰ ਕਰਨ ਵਾਲਿਆਂ ਦੇ ਹੀ ਪ੍ਰਤੀਨਿਧ ਜਾਂ ਨਿਰਮਾਤਾ ਸਨ। ਪਰ ਬੰਦਾ ਸਿੰਘ ਬਹਾਦਰ ਇਨ੍ਹਾਂ ਵਿਵਸਥਾਵਾਂ ਦੇ ਦੁਸ਼ਮਣ ਸਨ।

ਇਤਿਹਾਸਕਾਰ ਸਤਨਾਮ ਚਾਨਾ ਅਨੁਸਾਰ ਉਸ ਦੀ ਤੁਲਨਾ ਮਹਾਨ ਨਾਇਕ ਸਪਾਰਟਕਸ ਨਾਲ ਕਰਨ ਯੋਗ ਹੈ ਜਿਸ ਨੇ ਰੋਮ ਦੇ ਗੁਲਾਮਾ ਦੀ ਹਥਿਆਰਬੰਦ ਬਗਾਵਤ ਦੀ ਅਗਵਾਈ ਕੀਤੀ ਤੇ ਆਪਣੀ ਤਲਵਾਰ ਨਾਲ ਅਤਿਅੰਤ ਘਿਰਣਤ ਯੁਗ ਦਾ ਅੰਤ ਕੀਤਾ।

ਡਾ. ਸੁਖਦਿਆਲ ਸਿੰਘ ਦਾ ਮੰਨਣਾਂ ਹੈ ਕਿ ਬੰਦਾ ਸਿੱਘ ਬਹਾਦਰ ਨੇ ਗਰੀਬ ਅਤੇ ਕਥਿਤ ਨੀਚ ਲੋਕਾਂ ਦੀ ਖੁਲ੍ਹੇ ਆਮ ਅਤੇ ਐਲਾਨੀਆਂ ਬਾਂਹ ਫੜੀ। ਉਸਨੇ ਗਰੀਬ ਅਤੇ ਕਥਿਤ ਨੀਚ ਲੋਕਾਂ ਨੂੰ ਪਿੰਡਾਂ ਦੇ ਚੌਧਰੀ ਅਤੇ ਰਾਜ-ਭਾਗ ਦੇ ਹਿੱਸੇਦਾਰ ਬਣਾਇਆਂ। ਮੁਹੰਮਦ ਕਾਸਿਮ ਦੇ ਹਵਾਲੇ ਨਾਲ ਡਾ. ਸੁਖਦਿਆਲ ਸਿੰਘ ਦੱਸਦੇ ਹਨ ਕਿ ਐਸੇ ਲੋਕਾਂ ਦੇ ਸਮੂਹ ਬੰਦਾ ਸਿੱਘ ਬਹਾਦਰ ਵੱਲ ਉੱਮਡ ਪਏ ਸਨ। ਜਿਨ੍ਹਾਂ ਕੋਲ ਨਾ ਖਾਣ ਲਈ ਰੋਟੀ ਸੀ ਅਤੇ ਨਾ ਹੀ ਪਹਿਨਣ ਲਈ ਕਪੜਾ ਸੀ, ਉਹ ਬੰਦਾ ਸਿੰਘ ਬਹਾਦਰ ਪਾਸ ਪਹੁੰਚ ਕੇ ਹਥਿਆਰ ਤੇ ਘੋੜਾ ਪ੍ਰਾਪਤ ਕਰਦੇ ਸਨ। ਇਸੇ ਤਰ੍ਹਾਂ ਹਾਦੀ ਕਾਮਵਰ ਦੇ ਹਵਾਲੇ ਨਾਲ ਦੱਸਿਆ ਹੈ ਕਿ ਸਫ਼ਾਈ ਕਰਨ ਵਾਲੇ, ਮਜ਼ਦੂਰ ਤੇ ਵਣਜਾਰਿਆਂ ਦੀ ਪੂਰੀ ਦੀ ਪੂਰੀ ਕੌਮ ਅਤੇ ਹੋਰ ਨੀਵੀਆਂ ਤੇ ਨੀਚ ਸਮਝੀਆਂ ਜਾਂਦੀਆਂ ਜਾਤਾਂ ਦੇ ਬਹੁਤ ਲੋਕ ਬੰਦਾ ਸਿੰਘ ਬਹਾਦਰ ਦੇ ਦੁਆਲੇ ਇਕੱਤਰ ਹੋਏ ਤੇ ਉਸਦੇ ਸਿਪਾਹੀ ਬਣ ਗਏ। ਕਲਾਨੌਰ ਵਿਚ ਹੀ 5000 ਕਿਰਤੀ ਮੁਸਲਮਾਨ ਬੰਦਾ ਸਿੰਘ ਬਹਾਦਰ ਦੀ ਫੌਜ ਵਿਚ ਭਰਤੀ ਹੋ ਗਏ।

ਇਤਿਹਾਸਕਾਰ ਸਤਨਾਮ ਚਾਨਾ ਅਨੁਸਾਰ ਬੰਦਾ ਸਿੰਘ ਬਹਾਦਰ ਵਲੋਂ ਸਥਾਪਤ ਰਾਜ ਭੂਤਕਾਲ ਦੇ ਸਾਰੇ ਰਾਜਾਂ ਨਾਲੋਂ ਗੁਣਵਾਚਕ, ਭਿੰਨ ਅਤੇ ਯੁਗ ਪਲਟਾਊ ਲੱਛਣਾਂ ਵਾਲਾ ਸੀ। ਉਸ ਦੀ ਇਹ ਪ੍ਰਾਪਤੀ ਵਰਗ-ਵੰਡ ਸਮਾਜ ਦੇ ਇਤਿਹਾਸ ਵਿਚ ਵਿਸ਼ਵੀ ਮਹੱਤਤਾ ਵਾਲੀ ਸਮਾਜਕ ਕ੍ਰਾਂਤੀ ਸੀ। ਉਹ ਪੰਜਾਬ ਦੇ ਹੀ ਨਹੀਂ ਸਗੋਂ ਸਮੁਚੇ ਮਾਨਵੀ ਇਤਿਹਾਸ ਦੀ ਵੱਖਰੀ ਹਸਤੀ ਸਨ, ਅਤੇ ਸੰਸਾਰ ਦੇ ਉਨ੍ਹਾਂ ਗਿਣੇ ਚੁਣੇ ਵਿਅਕਤੀਆਂ ਵਿਚੋਂ ਸਨ।

ਇਨ੍ਹਾਂ ਪ੍ਰਾਪਤੀਆਂ ਨੇ ਹਜ਼ਾਰਾਂ ਸਾਲਾਂ ਤੋਂ ਸਥਾਪਤ ਜਾਬਰ ਵਿਵਸਥਾਵਾਂ ਨੂੰ ਤਾਕਤ ਨਾਲ ਤੋੜਨ ਤੇ ਬਦਲਵੀ ਵਿਵਸਥਾ ਦਾ ਜਤਨ ਕੀਤਾ। ਉਨ੍ਹਾਂ ਦਾ ਊਚ-ਨੀਚ ਵਿਵਸਥਾਂ ਨੂੰ ਖਤਮ ਕਰਨਾ ਅਸਲੀ ਤੇ ਮਹਾਨ ਫੱਤਹਿ ਸੀ।

ਇਸ ਸਬੰਧ ਵਿਚ ਵਾਰਾਂ ਦੇ ਪ੍ਰਸਿੱਧ ਰਚੇਤਾ ਹਰਿੰਦਰ ਸਿੰਘ ਰੂਪ ਦੇ ਬੋਲ ਹਨ:

"ਬੰਦਾ ਸਿੰਘ ਬਹਾਦਰ ਸੀ ਸਹਾਰਾ ਹਰ ਮਜਲਮ ਦਾ। ਹੈ ਸੀ ਹਰਮਨ ਪਿਆਰਾ ਦੇਖੋ ਸੋਚਕੇ।<br>
ਹੱਕ ਲੈਣ ਦਾ ਭਾਰਾ ਹਾਮੀ ਹੋ ਗਿਆ।<br>
ਦੱਸਿਆ ਅਜਬ ਨਜਾਰਾ ਭੋਈ ਵੰਡਕੇ।<br>
ਕਢਿਆ ਰਾਹ ਨਿਆਰਾ ਮਾਕਰਸਵਾਦ ਦਾ।<br>
ਲਗਦਾ ਕਿਉਂ ਨ ਪਿਆਰਾ ਹਰਿ ਇਨਸਾਨ ਨੂੰ।<br>
ਵੰਡ ਛਕਣ ਦੀ ਧਾਰਾ ਕੱਢੀ ਅਮ੍ਰਿਤੋਂ।<br>
ਬਣਿਆ ਖ਼ੂਬ ਸਹਾਰਾ ਦੁਖੀਏ ਦਾਸ ਦਾ।"

ਕਨਿੰਘਮ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਉੱਤਰ ਵਿੱਚ ਜੰਮੂ ਲਾਗੇ ਆਪਣੇ ਆਪ ਨੂੰ ਸਥਾਪਤ ਕਰ ਲਿਆ ਸੀ। ਉਸ ਸਮੇਂ ਪੰਜਾਬ ਦਾ ਵੱਡਾ ਹਿਸਾ ਉਸਨੂੰ ਲਗਾਨ ਭਰਦਾ ਸੀ। ਸਿੱਖ ਸਲਤਨਤ ਉਸ ਵੇਲੇ ਹੋਂਦ ਵਿਚ ਸੀ।

## ਸਾਰਅੰਸ਼:

ਬੰਦਾ ਸਿੰਘ ਬਹਾਦਰ ਨੇ ਕਥਿਤ ਨੀਚ ਜਾਤਾਂ ਦੇ ਵਰਗਾਂ ਨੂੰ ਫੌਜ ਵਿਚ ਨੌਕਰੀਆਂ ਦੇ ਕੇ ਨਾ ਕੇਵਲ ਉਨ੍ਹਾਂ ਦਾ ਜੀਵਨ ਪੱਧਰ ਹੀ ਉੱਪਰ ਕੀਤਾ ਸੀ ਸਗੋਂ ਸਮਾਜਿਕ ਕ੍ਰਾਂਤੀ ਦਾ ਬੀਜ ਵੀ ਬੀਜਿਆ ਸੀ। ਇਹ ਉਸ ਦੀ ਸਾਂਝੀਵਾਲਤਾ, ਸਮਾਨਤਾ ਅਤੇ ਮਾਨਵਤਾ ਵੱਲ ਅਲੋਕਾਰ ਛਾਲ ਸੀ।

## ਰੈੱਡ ਕਰਾਸ ਦੀ ਸੋਚ ਦਾ ਅਸਲ ਬਾਨੀ ਕੌਣ?

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)

8 ਮਈ ਨੂੰ ਪੂਰੀ ਦੁਨੀਆਂ ਵਿੱਚ ਰੈੱਡ ਕਰਾਸ ਦਿਵਸ ਮਨਾਇਆ ਜਾਂਦਾ ਹੈ। ਜਨੇਵਾ-ਸਵਿੱਟਜ਼ਰਲੈਂਡ ਦੇ ਵਾਸੀ ਹੈਨਰੀ ਡੂਨੈਂਟ ਨੂੰ ਇਸ ਸੰਸਥਾ ਦਾ ਬਾਨੀ ਮੰਨਿਆਂ ਗਿਆ ਹੈ। ਇਸ ਲਈ ਇਹ ਦਿਨ ਉਸ ਦੇ ਜਨਮ ਦਿਨ ਤੇ ਮਨਾਇਆ ਜਾਂਦਾ ਹੈ। 8 ਮਈ, 1828 ਨੂੰ ਜਨਮੇ, ਇਸ ਸ਼ਖਸ ਨੇ 1859 ਵਿੱਚ 'ਫਸਟ ਵਰਲਡ ਵਾਰ' ਦੌਰਾਨ- ਜੋ ਕਿ ਚਾਰ ਦੇਸ਼ਾਂ ਵਿਚਕਾਰ ਹੋਈ ਸੀ, 40 ਹਜ਼ਾਰ ਤੋਂ ਵੱਧ ਫੌਜੀਆਂ ਨੂੰ, ਜ਼ਖਮੀ ਹੋ ਕੇ ਮਰਦੇ ਤੱਕਿਆ। ਜਿਸ ਨਾਲ ਉਸ ਦਾ ਕੋਮਲ ਹਿਰਦਾ ਵਿੰਨਿਆਂ ਗਿਆ। ਉਸ ਨੇ ਆਪਣੇ ਜੀਵਨ ਵਿੱਚ ਪਹਿਲੀ ਵਾਰੀ ਜੰਗ ਦਾ ਦ੍ਰਿਸ਼ ਵੇਖਿਆ ਸੀ। ਮਨੁੱਖਤਾ ਨੂੰ ਪਿਆਰ ਕਰਨ ਵਾਲੇ ਹੈਨਰੀ ਦੇ ਅੰਦਰੋਂ ਸਮੁੱਚੀ ਮਾਨਵਤਾ ਲਈ ਇੱਕ ਹੂਕ ਨਿਕਲੀ, ਜਿਸ ਦੀ ਪੀੜ ਦਾ ਜ਼ਿਕਰ ਉਸ ਨੇ ਆਪਣੀ ਪੁਸਤਕ- 'ਮੈਮਰੀ ਆਫ ਸੈਲਫਰੀਨੋ' ਵਿੱਚ ਵੀ ਕੀਤਾ ਹੈ। ਉਸ ਨੇ ਚਰਚ ਨੂੰ ਜ਼ਖਮੀਆਂ ਦੀ ਸੇਵਾ ਸੰਭਾਲ ਲਈ, ਟੈਂਪਰੇਰੀ ਹਸਪਤਾਲ ਵਿੱਚ ਬਦਲਿਆ। ਬਾਅਦ ਵਿੱਚ, ਉਸ ਦੇ ਮਨ ਵਿੱਚ ਇੱਕ ਐਸੀ ਸੰਸਥਾ ਬਨਾਉਣ ਦਾ ਵਿਚਾਰ ਆਇਆ, ਜੋ ਯੁੱਧ ਵੇਲੇ ਜਾਂ ਹੋਰ ਕਿਸੇ ਕੁਦਰਤੀ ਆਫਤਾਂ ਵੇਲੇ, ਬਿਨਾ ਕਿਸੇ ਭੇਦ ਭਾਵ ਤੋਂ, ਜ਼ਖਮੀਆਂ ਦੀ ਸੇਵਾ ਸੰਭਾਲ ਲਈ ਹਰ ਵੇਲੇ ਤਿਆਰ ਰਹੇ। ਵਿਸ਼ਵ ਭਰ ਦੇ ਚਿੰਤਕਾਂ ਨੂੰ ਉਸ ਦਾ ਇਹ ਵਿਚਾਰ ਪਸੰਦ ਆਇਆ। ਇਸ ਤਰ੍ਹਾਂ 26 ਅਕਤੂਬਰ, 1863 ਨੂੰ 'ਰੈੱਡ ਕਰਾਸ' ਨਾਂ ਦੀ ਇੱਕ ਸੰਸਥਾ ਬਣਾਈ ਗਈ। ਵਿਸ਼ਵ ਸ਼ਾਂਤੀ ਲਈ ਕੀਤੇ ਇਸ ਉਪਰਾਲੇ ਸਦਕਾ 1901 ਵਿਚ ਉਸਨੂੰ ਨੋਬਲ ਪਰਾਈਜ਼ ਨਾਲ ਸਨਮਾਨਿਤ ਕੀਤਾ ਗਿਆ।



ਦੂਜੇ ਪਾਸੇ ਜੇਕਰ ਸਿੱਖ ਇਤਹਾਸ ਨੂੰ ਘੋਖਿਆ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ- ਰੈੱਡ ਕਰਾਸ ਦੀ ਨੀਂਹ ਤਾਂ ਇਸ ਤੋਂ ਵੀ ਪਹਿਲਾਂ, 1704 ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ, ਭਾਈ ਘਨ੍ਹਈਆ ਦੁਆਰਾ ਹੀ ਰੱਖ ਦਿੱਤੀ ਸੀ। ਭਾਈ ਜੀ, ਗੁਰੂ ਗੋਬਿੰਦ ਸਿੰਘ ਜੀ ਦੇ ਅਣਥੱਕ ਪਿਆਰੇ ਸਿੱਖਾਂ ਵਿੱਚੋਂ ਸਨ। ਉਹ ਦੁਸ਼ਮਣ ਨਾਲ ਹੋਈਆਂ ਲੜਾਈਆਂ ਸਮੇਂ, ਬਿਨਾ ਕਿਸੇ ਭੇਦ ਭਾਵ ਤੋਂ, ਯੁੱਧ ਦੇ ਮੈਦਾਨ ਵਿੱਚ ਸਾਰੇ ਜ਼ਖਮੀਆਂ ਨੂੰ ਪਾਣੀ ਪਿਲਾਈ ਜਾਂਦੇ। ਕੁੱਝ ਸਿੱਖਾਂ ਨੇ ਗੁਰੂ ਜੀ ਕੋਲ ਆ ਕੇ ਸ਼ਿਕਾਇਤ ਕੀਤੀ-

"ਜਿਹਨਾਂ ਨੂੰ ਸਾਡੇ ਸਿੰਘ ਜ਼ਖਮੀ ਕਰਦੇ ਹਨ, ਭਾਈ ਘਨੱਈਆ ਜੀ ਉਹਨਾਂ ਨੂੰ ਪਾਣੀ ਪਿਲਾ ਕੇ ਮੁੜ ਜਿਉਂਦੇ ਕਰ ਦਿੰਦੇ ਹਨ- ਇਹ ਤਾਂ ਦੁਸ਼ਮਣਾ ਨੂੰ ਵੀ ਪਾਣੀ ਪਿਲਾਈ ਜਾਂਦੇ ਹਨ!"

ਗੁਰੂ ਸਾਹਿਬ ਨੇ ਭਾਈ ਘਨ੍ਹਈਏ ਨੂੰ ਬੁਲਾਇਆ ਤੇ ਪੁੱਛਿਆ- "ਕੀ ਇਹ ਸਿੰਘ ਤੇਰੇ ਬਾਰੇ ਠੀਕ ਕਹਿ ਰਹੇ ਹਨ?"

ਭਾਈ ਘਨਈਆਜੀ ਨੇ 'ਨਾਂਹ' ਵਿੱਚ ਸਿਰ ਹਿਲਾਇਆ ਤੇ ਕਿਹਾ, "ਪਾਤਸ਼ਾਹ, ਮੈਂ ਕਿਸੇ ਦੁਸ਼ਮਣ ਨੂੰ ਪਾਣੀ ਨਹੀਂ ਪਿਲਾਇਆ, ਮੈਂਨੂੰ ਤਾਂ ਹਰ ਜ਼ਖਮੀ ਵਿਚੋਂ ਤੁਹਾਡਾ ਹੀ ਚਿਹਰਾ ਨਜ਼ਰ ਆਉਂਦਾ ਹੈ- ਮੈਂ ਕਿਵੇਂ ਫਰਕ ਕਰਾਂ?" ਦਸ਼ਮੇਸ਼ ਪਿਤਾ ਨੇ ਇਹ ਸੁਣ ਕੇ ਭਾਈ ਘਨ੍ਹਈਏ ਨੂੰ ਗ਼ਲ ਨਾਲ ਲਾ ਲਿਆ ਤੇ ਨਾਲ ਹੀ ਇੱਕ ਮਲ੍ਹਮ ਦੀ ਡੱਬੀ ਵੀ ਦੇ ਦਿੱਤੀ ਤੇ ਕਿਹਾ- "ਜਿਹਨਾਂ ਨੂੰ ਪਾਣੀ ਪਿਲਾਉਂਦਾ ਹੈਂ ਉਹਨਾਂ ਦੇ ਜ਼ਖਮਾਂ ਤੇ ਹੁਣ ਮਲ੍ਹਮ ਵੀ ਲਾ ਦਿਆ ਕਰੀਂ!"ਗੁਰੂ ਸਾਹਿਬ ਨੇ ਬਾਕੀ ਸਿੱਖਾਂ ਨੂੰ ਸਮਝਾਇਆ ਕਿ- "ਇਹ ਤਾਂ ਬ੍ਰਹਮ ਗਿਆਨੀ ਦੀ ਅਵਸਥਾ ਨੂੰ ਪਹੁੰਚ ਚੁੱਕਾ ਹੈ। ਇਸ ਦੀ ਸੋਚ ਨਿਰਭਉ ਹੈ, ਨਿਰਵੈਰ ਹੈ- ਇਸ ਨੂੰ ਕੋਈ ਦੁਸ਼ਮਣ ਦਿਖਾਈ ਹੀ ਨਹੀਂ ਦਿੰਦਾ!"

ਗੁਰੂ ਸਾਹਿਬ ਨੇ ਆਪਣੇ ਖਾਲਸੇ ਨੂੰ ਇਸੇ ਤਰ੍ਹਾਂ ਦੀ ਸੋਚ ਦਾ ਸੰਕਲਪ ਦਿੱਤਾ। ਸੋ ਸੱਚੇ ਸੁੱਚੇ ਸੇਵਕ ਭਾਈ ਘਨ੍ਹਈਆ ਜੀ, ਮਾਨਵੀ ਸੇਵਾ ਦੀ ਇੱਕ ਵਿਲੱਖਣ ਮਿਸਾਲ ਹਨ। ਭਾਈ ਘਨੱਈਆ ਜੀ ਦਾ ਜਨਮ, ਪਾਕਿਸਤਾਨ ਵਿੱਚ ਸਿਆਲਕੋਟ ਜ਼ਿਲੇ ਦੇ ਪਿੰਡ ਸੋਢਾਰਾ ਵਿੱਖੇ ਭਾਈ ਨੱਥੂ ਰਾਮ ਜੀ ਤੇ ਮਾਤਾ ਸੁੰਦਰੀ ਜੀ ਦੀ ਕੁੱਖੋਂ ਇੱਕ ਸਧਾਰਨ ਪਰਿਵਾਰ ਵਿੱਚ ਹੋਇਆ। ਨੌਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੁ ਤੇਗ ਬਹਾਦਰ ਜੀ ਦੇ ਸਮੇਂ ਤੋਂ ਹੀ, ਗੁਰੂ ਘਰ ਨਾਲ ਐਸੇ ਜੁੜੇ ਕਿ ਸੇਵਾ ਨੂੰ ਹੀ ਜੀਵਨ ਦਾ ਆਦਰਸ਼ ਮੰਨ ਲਿਆ। ਸੇਵਾ ਕਰਦਿਆਂ ਹਉਮੈਂ ਨੂੰ ਕਦੇ ਨੇੜੇ ਨਹੀਂ ਢੁੱਕਣ ਦਿੱਤਾ। ਸਾਡੀ ਤ੍ਰਾਸਦੀ ਹੈ ਕਿ- ਅਸੀਂ ਰੈੱਡ ਕਰਾਸ ਦੀ ਸੋਚ ਦੇ ਇਸ ਅਸਲ ਬਾਨੀ ਬਾਰੇ ਦੁਨੀਆਂ ਨੂੰ ਦੱਸ ਨਹੀਂ ਸਕੇ। ਨਾ ਹੀ ਅਸੀਂ ਕੋਈ ਵਿਸ਼ਵ ਪੱਧਰ ਦੀ 'ਭਾਈ ਘਨੱਈਆ ਰੈੱਡ ਕਰਾਸ ਸੰਸਥਾ' ਦਾ ਗਠਨ ਕਰ ਸਕੇ- ਜਿਸ ਦੀਆਂ ਸ਼ਾਖਾਵਾਂ ਪੂਰੀ ਦੁਨੀਆਂ ਵਿੱਚ ਹੁੰਦੀਆਂ।

ਪਰ ਹਾਂ- ਇੱਕ 'ਖਾਲਸਾ ਏਡ' ਨਾਂ ਦੀ ਸੰਸਥਾ 1999 ਵਿੱਚ ਹੋਂਦ ਵਿੱਚ ਆਈ, ਜਿਸ ਦੇ ਬਾਨੀ ਭਾਈ ਰਵਿੰਦਰ ਸਿੰਘ ਜੀ ਯੂ. ਕੇ. ਵਾਲੇ ਹਨ ਜੋ ਰਵੀ ਸਿੰਘ ਦੇ ਨਾਮ ਨਾਲ ਜਾਣੇ ਜਾਂਦੇ ਹਨ। ਇਸ ਦੀਆਂ ਸ਼ਾਖਾਵਾਂ ਹੁਣ ਕਈ ਦੇਸ਼ਾਂ ਵਿੱਚ ਭਾਈ ਘਨੱਈਆ ਜੀ ਦੀ ਸੋਚ ਨੂੰ ਸਮਰਪਿਤ ਕੰਮ ਕਰ ਰਹੀਆਂ ਹਨ। ਇਹ ਸੰਸਥਾ ਕੁਦਰਤੀ ਆਫਤਾਂ ਵੇਲੇ, ਪੀੜਤਾਂ ਲਈ ਵਰਦਾਨ ਸਿੱਧ ਹੁੰਦੀ ਹੈ। ਜੰਮੂ ਵਿੱਚ ਹੜ੍ਹਾਂ ਵੇਲੇ, ਉਤਰਾਖੰਡ ਵਿੱਚ ਹੋਈ ਤਬਾਹੀ ਵੇਲੇ, ਲੋਕਾਂ ਨੂੰ ਮਲਬੇ ਹੇਠੋਂ ਕੱਢਣ ਤੇ ਰਾਹਤ ਸਮੱਗਰੀ ਪਹੁੰਚਾਣ ਦਾ ਸ਼ਲਾਘਾ ਯੋਗ ਕਾਰਜ ਕਰਨ ਵੇਲੇ, ਬੰਬਈ ਵਿੱਚ ਹੜ੍ਹਾਂ ਵੇਲੇ, ਨੈਪਾਲ ਵਿੱਚ ਭੁਚਾਲ ਵੇਲੇ, ਯੂਕਰੇਨ ਦੀ ਜੰਗ ਵੇਲੇ, ਇਰਾਕ ਦੇ ਬਾਰਡਰ ਤੇ ਸੀਰੀਅਨ ਲਈ- ਇਸ ਸੰਸਥਾ ਦੇ ਵਲੰਟੀਅਰ, ਸਭ ਤੋਂ ਪਹਿਲਾਂ ਪਹੁੰਚਦੇ ਹਨ ਜੋ ਕਿ ਪੰਜਾਬੀਆਂ ਲਈ ਤੇ ਖਾਸ ਕਰ ਸਿੱਖਾਂ ਲਈ, ਮਾਣ ਵਾਲੀ ਗੱਲ ਹੈ।

ਪੰਜਾਬ ਵਿੱਚ ਵੀ ਹੜ੍ਹਾਂ ਵੇਲੇ , ਪੀੜਤਾਂ ਦੀ ਖਲਸਾ ਏਡ  ਸੰਸਥਾ ਨੇ ਦਿਲ ਖੋਹਲ ਕੇ ਮਦਦ ਕੀਤੀ। ਪਿੱਛੇ ਜਿਹੇ ਇੱਕ ਖਬਰ ਇਹ ਵੀ ਆਈ ਸੀ ਕਿ- 'ਮਹਾਂਰਾਸ਼ਟਰ ਦੇ ਸੋਕੇ ਦੇ ਇਲਾਕੇ ਵਿੱਚ ਵੀ 'ਖਾਲਸਾ ਏਡ' ਦੀ ਪੰਜਾਬ (ਪਟਿਆਲਾ) ਬਰਾਂਚ ਦੇ ਵਲੰਟੀਅਰ, ਪੰਜਾਬ ਤੋਂ ਪਾਣੀ ਦੇ ਟੈਂਕਰ ਲੈ ਕੇ ਪਹੁੰਚੇ ਹਨ!' ਬੂੰਦ ਬੂੰਦ ਪਾਣੀ ਨੂੰ ਤਰਸਦੇ ਲੋਕਾਂ ਲਈ, ਸਿੱਖਾਂ ਦਾ ਇਹ ਵਰਤਾਰਾ ਕੋਈ ਰੱਬੀ ਰਹਿਮਤ ਤੋਂ ਘੱਟ ਨਹੀਂ ਲਗਦਾ। ਵੈਸੇ ਵੀ, ਹਰ ਆਫਤ ਵੇਲੇ ਗੁਰੂ ਘਰਾਂ ਵਿੱਚ ਪੀੜਤਾਂ ਨੂੰ ਪਨਾਹ ਦਿੱਤੀ ਜਾਂਦੀ ਹੈ। ਮੁਫਤ ਲੰਗਰ ਚਲਾਏ ਜਾਂਦੇ ਹਨ। 2016-17 ਵਿੱਚ, ਕੈਨੇਡਾ ਦੇ ਅਲਬਰਟਾ ਸੂਬੇ ਵਿੱਚ ਫੋਰਟ ਮੈਕਮਰੀ ਵਿਖੇ ਲੱਗੀ ਅੱਗ ਕਾਰਨ, 88000 ਤੋਂ ਵੱਧ ਲੋਕ ਬੇਘਰੇ ਹੋ ਗਏ ਸਨ। ਜਿਹਨਾਂ ਵਿੱਚੋਂ ਬਹੁਤੇ ਲੋਕਾਂ ਐਡਮੰਟਨ ਠਹਿਰੇ ਹੋਏ ਸਨ।

ਗੁਰੂ ਘਰਾਂ ਵਿੱਚ, ਬਿਨਾ ਕਿਸੇ ਭੇਦ ਭਾਵ ਦੇ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਵੀ ਕੀਤਾ ਗਿਆ। ਅੰਗਰੇਜ਼ ਲੋਕ ਸਿੱਖਾਂ ਦੀ 'ਫਰੀ ਕਿਚਨ' ਤੇ ਸੇਵਾ ਭਾਵ ਤੋਂ ਬਹੁਤ ਪ੍ਰਭਾਵਤ ਹਨ। ਰੈੱਡ ਕਰਾਸ ਨੂੰ ਵੀ, ਬਾਕੀ ਭਾਈਚਾਰਿਆਂ ਤੋਂ ਵੱਧ ਸਾਡੇ ਸਿੱਖਾਂ ਨੇ ਦਿੱਲ ਖੋਲ੍ਹ ਕੇ ਡੋਨੇਸ਼ਨ ਦਿੱਤੀ ਹੈ ਜੋ ਭਾਈ ਘਨ੍ਹਈਆ ਜੀ ਦੀ ਵਿਲੱਖਣ ਸੋਚ ਦਾ ਹੀ ਨਤੀਜਾ ਹੈ। ਕਰੋਨਾ ਮਹਾਂਮਾਰੀ ਵੇਲੇ ਵੀ, ਧੰਨ ਹਨ ਇਹ ਭਾਈ ਘਨ੍ਹਈਆ ਦੇ ਵਾਰਿਸ- ਜੋ ਦੇਸ਼ ਵਿਦੇਸ਼ ਵਿੱਚ, ਲੰਗਰ ਪ੍ਰਸ਼ਾਦੇ ਤਿਆਰ ਕਰ ਕੇ, ਹਰ ਰੋਜ਼ ਹਜ਼ਾਰਾਂ ਲੋਕਾਂ ਦੇ ਪੇਟ ਭਰਦੇ ਹਨ- ਜਦ ਕਿ ਸਾਰੇ ਲੋਕ ਡਰ ਦੇ ਮਾਰੇ ਘਰਾਂ ਅੰਦਰ ਲੁਕੇ ਬੈਠੇ ਸਨ।

ਪਰ ਅਜੇ ਬਹੁਤ ਕੁੱਝ ਕਰਨਾ ਬਾਕੀ ਹੈ। ਕੁੱਝ ਗਿਣੇ ਚੁਣੇ ਲੋਕ ਹੀ ਅਜੇਹੀ ਸੋਚ ਦੇ ਮਾਲਕ ਹਨ। ਕੁਝ ਅਜੋਕੇ ਮਨੁੱਖਾਂ ਦੇ ਸੁਭਾਉ ਵਿੱਚ ਸੁਆਰਥ ਹੀ ਹੈ। ਹਰ ਰੋਜ਼ ਅਰਦਾਸ 'ਚ ਤਾਂ ਸਰਬੱਤ ਦਾ ਭਲਾ ਮੰਗਦੇ ਹਾਂ, ਸੇਵਾ ਵੀ ਕਰਦੇ ਹਾਂ ਪਰ ਦਿਖਾਵਾ ਪ੍ਰਧਾਨ ਹੁੰਦਾ ਹੈ। ਹਉਮੈਂ ਵਿੱਚ ਗ੍ਰਸਤ ਸੇਵਾ ਦਾ ਕੋਈ ਲਾਭ ਨਹੀਂ ਹੋਣਾ।

"ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ॥" ਦੇ ਮਹਾਂਵਾਕ ਅਨੁਸਾਰ- ਅੱਜ ਹਰ ਸਿੱਖ ਨੂੰ ਲੋੜ ਹੈ- ਭੇਦ ਭਾਵ ਤੋਂ ਉਪਰ ਉੱਠ ਕੇ ਮਨੁੱਖਤਾ ਦਾ ਭਲਾ ਕਰਨ ਦੀ- ਭਾਈ ਘਨੱਈਆ ਜੀ ਦੀ ਸੋਚ ਤੇ ਪਹਿਰਾ ਦੇਣ ਦੀ- ਤੇ ਨਿਰਸੁਆਰਥ ਹੋ ਕੇ ਵਿਸ਼ਵ ਸ਼ਾਂਤੀ ਲਈ ਸਾਰਥਕ ਕਦਮ ਚੁੱਕਣ ਦੀ। ਇਹ ਵੀ ਜਰੂਰੀ ਹੈ ਕਿ- ਗੁਰੂ ਗੋਬਿੰਦ ਸਿੰਘ ਜੀ ਵਲੋਂ ਭਾਈ ਘਨ੍ਹਈਆ ਜੀ ਦੁਆਰਾ, ਰੱਖੀ ਗਈ ਰੈਡ ਕਰਾਸ ਦੀ ਨੀਂਹ ਨੂੰ ਵੀ ਕਿਸੇ ਗੂਗਲ ਤੇ ਦਰਜ ਕਰਾਈਏ- ਤਾ ਕਿ ਸਾਰਾ ਵਿਸ਼ਵ ਸਾਡੇ ਮਾਣ ਮੱਤੇ ਇਤਿਹਾਸ ਤੋਂ ਜਾਣੂੰ ਹੋ ਸਕੇ!

## ਜੰਗ ... (ਗੀਤ)

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ

ਜੰਗ ਕਿਸੇ ਮਸਲੇ ਦਾ ਹੱਲ ਨਾ ਪਿਆਰਿਓ।
ਭੁੱਲ ਕੇ ਵੀ ਜਾਇਓ ਜੰਗ ਵੱਲ ਨਾ ਪਿਆਰਿਓ।

ਜੰਗ ਵਾਲੀ ਭੱਠੀ ਵਿੱਚ ਤਪੇ ਕੋਈ ਦੇਸ਼ ਨਾ,
ਏਸ ਦਾ ਸੰਤਾਪ ਭੋਗੇ ਕੋਈ ਵੀ ਹਮੇਸ਼ ਨਾ।
ਘਿਰਣਾ ਨੂੰ ਬੀਜਿਓ ਦੁਵੱਲ ਨਾ ਪਿਆਰਿਓ।
ਜੰਗ...

ਹੁੰਦੇ ਨੇ ਸ਼ਹੀਦ ਦੋਹੀਂ ਪਾਸੀਂ ਪੁੱਤ ਮਾਵਾਂ ਦੇ,
ਮਾਸੂਮਾਂ ਦੇ ਬਾਪ, ਵੀਰ ਭੈਣਾਂ ਤੇ ਭਰਾਵਾਂ ਦੇ।
ਜ਼ਿੰਦਗੀ ਚੋਂ ਮਿਟਣੇ ਇਹ ਸੱਲ ਨਾ ਪਿਆਰਿਓ।
ਜੰਗ...

ਏਸ ਦੀ ਤਬਾਹੀ ਨੇ, ਉਜਾੜੇ ਪਾਏ ਲੋਕਾਂ ਦੇ,
ਕਰਨੇ ਬਿਆਨ ਕੀ ਨੇ, ਆਪਾਂ ਹੱਥ-ਠੋਕਾਂ ਦੇ।
ਭੁੱਲੀ ਅਜੇ ਕੱਲ੍ਹ ਦੀ ਸੀ ਗੱਲ ਨਾ ਪਿਆਰਿਓ।
ਜੰਗ...

ਮਸਾਂ ਮਸਾਂ ਗੱਲ ਹੁੰਦੀ, ਸਾਂਝ ਤੇ ਪਿਆਰ ਦੀ,
ਪੁਸ਼ਤਾਂ ਦੀ ਗੰਢ ਅਤੇ ਕੌਲ ਇਕਰਾਰ ਦੀ।
ਨਫਰਤਾਂ ਦੀ ਕਰੋ ਮੁੜ ਗੱਲ ਨਾ ਪਿਆਰਿਓ।
ਜੰਗ...

ਆਓ 'ਦੀਸ਼' ਸਿੰਜ ਲਈਏ, ਅਮਨਾਂ ਦੇ ਰੁੱਖ ਨੂੰ,
ਰੋਕ ਲਈਏ ਧਰਤੀ ਦੀ ਬਾਂਝ ਹੋਣੋ ਕੁੱਖ ਨੂੰ।
ਚੜ੍ਹੇ ਇਹ ਲੜਾਈ ਵਾਲਾ ਝੱਲ ਨਾ ਪਿਆਰਿਓ।
ਜੰਗ...

## High-Rise Buildings Around Darbar Sahib, Amritsar?

A Letter Against High-Rise Buildings, Advertisement Posters and Boards close to Darbar Sahib and Akal Takht Sahib, Amritsar, addressed to the Editor, AJIT, by Sardar Tarlochan Singh, Ex-MP, Chairman, Minority Commission of India, is reproduced here. Such buildings are highly undesirable as they spoil the Spiritual Ambience and aesthetics associated with the Centre of Divine Peace and Tranquility of Darbar Sahib (the famous Golden Temple).

### ਦਰਬਾਰ ਸਾਹਿਬ ਦੁਆਲੇ ਬਣ ਰਹੀਆਂ ਉੱਚੀਆਂ ਇਮਾਰਤਾਂ ਸੰਬੰਧੀ

ਸ. ਬਰਜਿੰਦਰ ਸਿੰਘ ਜੀ,

ਇਕ ਅਤਿ ਜ਼ਰੂਰੀ ਮਸਲੇ ਸੰਬੰਧੀ ਤੁਹਾਨੂੰ ਬੇਨਤੀ ਕਰ ਰਿਹਾ ਹਾਂ। ਪਿਛਲੇ 200 ਸਾਲ ਤੋਂ ਇਹ ਪਰੰਪਰਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਚੌਗਿਰਦੇ ਵਿਚ ਕੋਈ ਉੱਚੀ ਬਿਲਡਿੰਗ ਨਹੀਂ ਬਣ ਸਕਦੀ, ਜਿਹੜੀ ਸ੍ਰੀ ਦਰਬਾਰ ਦੀਆਂ ਪਰਿਕਰਮਾ ਦੇ ਕਿਸੇ ਪਾਸੇ ਤੋਂ ਨਜ਼ਰ ਆਉਂਦੀ ਹੋਵੇ। ਇਹ ਇਸ ਲਈ ਹੈ ਕਿ ਯਾਤਰੂ ਦਾ ਧਿਆਨ ਕੇਵਲ ਸ੍ਰੀ ਦਰਬਾਰ ਸਾਹਿਬ ਵੱਲ ਹੀ ਰਹੇ। ਜਦੋਂ ਮੈਂ ਰਾਸ਼ਟਰੀ

### ਸੰਪਾਦਕ ਦੇ ਨਾਂਅ

ਘੱਟ-ਗਿਣਤੀ ਕਮਿਸ਼ਨ ਦਾ ਚੇਅਰਮੈਨ ਸੀ, ਉਦੋਂ ਇਸ ਬਾਰੇ ਅਵੱਗਿਆ ਦੀ ਇਕ ਸ਼ਿਕਾਇਤ ਮਿਲੀ ਸੀ, ਕਈ ਹੋਟਲ ਪਰੰਪਰਾ ਦੀ ਉਲੰਘਣਾ ਕਰ ਰਹੇ ਸਨ। ਉਸ ਸਮੇਂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨਾਲ ਮੀਟਿੰਗ ਕਰ ਕੇ ਇਸ ਬਾਰੇ ਦੁਬਾਰਾ ਫ਼ੈਸਲਾ ਕੀਤਾ ਗਿਆ। ਕਈ ਪੰਜਾਬੀ ਕਿਤਾਬਾਂ ਦੇ ਪ੍ਰਕਾਸ਼ਕਾਂ ਦੇ ਉੱਚੇ ਇਸ਼ਤਿਹਾਰੀ ਬੋਰਡ ਉਤਰਵਾਏ ਗਏ ਸਨ। ਅੱਜ ਮੈਂ ਇਕ ਚੈਨਲ 'ਤੇ ਕੀਰਤਨ ਰੀਲੇਅ ਪ੍ਰੋਗਰਾਮ ਵੇਖਿਆ ਹੈ ਕਿ ਇਕ ਬਹੁਤ ਉੱਚੀ ਬਿਲਡਿੰਗ ਅਕਾਲ ਤਖ਼ਤ ਸਾਹਿਬ ਦੇ ਸੱਜੇ ਪਾਸੇ ਸ਼ਹਿਰ ਵਿਚ ਬਣਦੀ ਨਜ਼ਰ ਆ ਰਹੀ ਹੈ ਅਤੇ ਕੈਮਰੇ ਵਿਚ ਇਹ ਸਾਫ਼ ਨਜ਼ਰ ਆਉਂਦੀ ਹੈ। ਇਹ ਬੜਾ ਹੀ ਦੁਖਦਾਈ ਦ੍ਰਿਸ਼ ਹੈ, ਜੋ ਸ੍ਰੀ ਦਰਬਾਰ ਸਾਹਿਬ ਦੀ ਵਿਸ਼ਵ ਦਿਖ ਨੂੰ ਘਟਾਵੇਗਾ। ਜੇ ਇਸ ਤਰ੍ਹਾਂ ਹੋਰ ਉੱਚੀਆਂ ਬਿਲਡਿੰਗਾਂ ਬਣਨ ਲੱਗ ਗਈਆਂ ਤਾਂ ਗੁਰੂ ਦਾ ਵਾਕ 'ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ' ਦਾ ਕੀ ਹੋਵੇਗਾ? ਇਸ ਵਿਰੁੱਧ 'ਅਜੀਤ' ਅਖ਼ਬਾਰ ਆਵਾਜ਼ ਉਠਾਵੇ ਤੇ ਇਸ ਬਿਲਡਿੰਗ ਦੇ ਉੱਪਰਲੇ ਦੋ ਫਲੋਰ ਢਾਹ ਦਿੱਤੇ ਜਾਣੇ ਚਾਹੀਦੇ ਹਨ।

ਮੈਂ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ, ਜਦੋਂ 1971 ਵਿਚ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਚੋੜੀ ਕੀਤੀ ਜਾ ਰਹੀ ਸੀ ਤਾਂ ਸਾਧੂ ਸਿੰਘ ਹਮਦਰਦ ਜੀ ਨੇ ਮੇਰੀ ਬੇਨਤੀ 'ਤੇ ਰਾਮਗੜ੍ਹੀਆ ਬੁੰਗਾ ਬਚਾ ਲਿਆ ਸੀ ਤੇ ਪਰਿਕਰਮਾ ਦਾ ਉਹ ਹਿੱਸਾ ਚੋੜਾ ਨਹੀਂ ਸੀ ਹੋਣ ਦਿੱਤਾ। ਉਹ ਹੁਣ ਤੱਕ ਕਾਇਮ ਹੈ। ਹਾਲਾਂਕਿ ਦੁੱਖ ਭੰਜਨੀ ਬੇਰੀ ਉਥੇ ਹੀ ਹੈ। 'ਅਜੀਤ' ਦੀ ਇਹ ਅਦੁੱਤੀ ਸੇਵਾ ਇਤਿਹਾਸ ਦਾ ਹਿੱਸਾ ਹੈ। ਨਹੀਂ ਤਾਂ ਇਤਿਹਾਸਕ ਰਾਮਗੜ੍ਹੀਆ ਬੁੰਗਾ ਕਿਥੇ ਹੋਣਾ ਸੀ। ਸ੍ਰੀ ਦਰਬਾਰ ਸਾਹਿਬ ਸਦੀਵੀ ਧਾਰਮਿਕ ਅਸਥਾਨ ਹੈ, ਜਿਥੇ ਲੱਖਾਂ ਵਿਦੇਸ਼ੀ ਸੈਲਾਨੀ ਬਾਦਸ਼ਾਹ, ਪ੍ਰਧਾਨ ਮੰਤਰੀ ਆਉਂਦੇ ਹਨ। ਇਸ ਦੀ ਸੁੰਦਰਤਾ ਕਾਇਮ ਰਹਿਣੀ ਚਾਹੀਦੀ ਹੈ। ਕੋਈ ਵੀ ਉੱਚੀ ਬਿਲਡਿੰਗ ਬਣਨ 'ਤੇ ਪੱਕੀ ਪਾਬੰਦੀ ਲੱਗਣੀ ਚਾਹੀਦੀ ਹੈ। ਉਮੀਦ ਹੈ ਤੁਸੀਂ ਇਸ ਸੰਬੰਧੀ ਆਪਣੇ ਪ੍ਰਭਾਵ ਦੀ ਵਰਤੋਂ ਜ਼ਰੂਰ ਕਰੋਗੇ।

ਤੁਹਾਡਾ ਸ਼ੁਭ ਚਿੰਤਕ

**-ਤਰਲੋਚਨ ਸਿੰਘ**

ਸਾਬਕਾ ਰਾਜ ਸਭਾ ਮੈਂਬਰ

## ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਜਾਣਕਾਰੀ : ਪ੍ਰਸ਼ਨ-ਉੱਤਰ (19-22)

| | |
|---|---|
| ਪ੍ਰਸ਼ਨ 19. | ਸ੍ਰੀ ਗੁਰੂ ਗ੍ਰੰਥ ਸਾਹਿਬ ਕਿਸ ਦੀ ਆਤਮਿਕ ਜੋਤਿ ਹੈ ? |
| ਉੱਤਰ:- | ਸ੍ਰੀ ਗੁਰੂ ਗ੍ਰੰਥ ਸਾਹਿਬ ਦਸਾਂ ਪਾਤਸ਼ਾਹੀਆਂ ਦੀ ਆਤਮਿਕ ਜੋਤਿ ਹੈ । |
| Q19. | Whose divine and spiritual light is Sri Guru Granth Sahib? |
| Ans. | Sri Guru Granth Sahib is the divine and spiritual light of ten Gurus. |
| प्रश्न 19: | श्री गुरू ग्रन्थ साहिब किसकी आत्मिक जोत है? |
| उत्तर: | श्री गुरू ग्रंथ साहिब दस पातसाहों की आत्मिक जोत है। |
| ਪ੍ਰਸ਼ਨ 20. | ਅੱਜ ਸਿੱਖਾਂ ਦੇ ਗੁਰੂ ਕੌਣ ਹਨ ? |
| ਉੱਤਰ:- | ਅੱਜ ਸਿੱਖਾਂ ਦੇ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। |
| Q20. | Who is the present Guru of the Sikhs? |
| Ans. | Sri Guru Granth Sahib is the present Guru of the Sikhs. |
| प्रश्न 20: | आज सिक्खों के गुरू कौन है ? |
| उत्तर: | आज सिक्खों के गुरू श्री गुरू ग्रंथ साहिब जी हैं। |
| ਪ੍ਰਸ਼ਨ 21. | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕੁੱਲ ਕਿੰਨੇ ਪਾਵਨ ਅੰਗ ਹਨ ? |
| ਉੱਤਰ :- | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 1430 ਪਾਵਨ ਅੰਗ ਹਨ। |
| Q21. | How many holy 'angs' (pages) are there in Sri Guru Granth Sahib? |
| Ans. | There are 1430 holy 'angs' (pages) in Sri Guru Granth Sahib. |
| प्रश्न 21: | श्री गुरू ग्रंथ साहिब जी के पावन अंग कितने है ? |
| उत्तर: | श्री गुरू ग्रन्थ साहिब जी के 1430 पावन अंग है। |
| ਪ੍ਰਸ਼ਨ 22. | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਨੂੰ ਕਿੰਨੇ ਭਾਗਾਂ ਵਿੱਚ ਵੰਡਿਆਂ ਗਿਆ ਹੈ ? |
| ਉੱਤਰ:- | ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆਂ ਗਿਆ ਹੈ । |
| Q22. | In how many parts have the 'banis' included in Sri Guru Granth Sahib been divided ? |
| Ans. | The 'banis' included in Sri Guru Granth Sahib have been divided in three parts. |

प्रश्न 22: श्री ग्रंथ साहिब में अंकित बाणियों को कितने भागो में बाँटा गया है ?

उत्तर: श्री गुरू ग्रंथ साहिब जी में अंकित बाणियों को तीन भागो में बांटा गया है।

ਪ੍ਰਸ਼ਨ 23. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪਹਿਲਾ ਭਾਗ ਕਿੰਨੇ ਅੰਗ ਤੋਂ ਕਿੰਨੇ ਅੰਗਾਂ ਤੱਕ ਹੈ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਭਾਗ 1 ਤੋਂ 13 ਅੰਗਾਂ ਤੱਕ ਹੈ ।

Q23. How long is the first part of Sri Guru Granth Sahib?

Ans. The first part of Sri Guru Granth Sahib is from 'ang 1' (page) to 'ang 13'.

प्रश्न 23: श्री गुरू ग्रंथ साहिब जी का पहला भाग कितने से कितने अंगों तक है ?

उत्तर: श्री गुरू ग्रंथ साहिब जी का पहला भाग 1 से 13 अगों तक है।

ਪ੍ਰਸ਼ਨ 24. ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਭਾਗ ਵਿੱਚ ਕੀ ਹੈ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਭਾਗ ਵਿੱਚ ਜਪੁ, ਸੋਦਰੁ, ਸੋ ਪੁਰਖੁ ਤੇ ਸੋਹਿਲਾ ਹੈ ।

Q24. What does the first part of Sri Guru Granth Sahib comprise?

Ans. The first part of Sri Guru Granth Sahib comprises the 'Banis'-'Jap','Sodar', 'So Purakh' and 'Sohila'.

प्रश्न 24: श्री गुरू ग्रंथ साहिब के पहले भाग में क्या है ?

उत्तर: श्री गुरू ग्रंथ साहिब के पहले भाग में जप, सो पुरख और सोहिला है।

ਪ੍ਰਸ਼ਨ 25. ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਰੰਭਿਕ ਬਾਣੀ ਕਿਹੜੀ ਹੈ ?

ਉੱਤਰ:- ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਆਰੰਭਿਕ ਬਾਣੀ 'ਜਪੁ' ਬਾਣੀ ਹੈ ।

Q25. Which is the first 'Bani' in Sri Guru Granth Sahib?

Ans. The first 'Bani' in Sri Guru Granth Sahib is 'Jap'Bani.


प्रश्न 25: श्री गुरू ग्रंथ साहिब में आरंभिक बाणी कौन सी हैं ?

**ਸਿੱਖ ਵਿਗਿਆਨਕਾਂ ਦੀ ਦੇਣ ਦਰਸਾਉਂਦੀ ਹੈ ਪੁਸਤਕ**

**"ਕੁਝ ਪ੍ਰਮੁੱਖ ਸਿੱਖ ਵਿਗਿਆਨਕ"**

(Some Prominent Sikh Scientists)

**ਸਮੀਖਿਅਕ – ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)**




**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸਿੱਖਾਂ ਬਾਰੇ ਅਕਸਰ ਕਿਹਾ ਜਾਂਦਾ ਹੈ ਕਿ ਇਹ ਸਮਾਜ ਸੇਵਾ, ਖੇਤੀ ਅਤੇ ਦੇਸ਼ ਭਗਤੀ ਵਿਚ ਤਾਂ ਅੱਗੇ ਹਨ, ਪਰ ਵਿਗਿਆਨਕ ਖੋਜ ਕਾਰਜਾਂ ਵਿਚ ਪਿੱਛੇ ਹਨ। ਇਹ ਪੁਸਤਕ ਉਪਰੋਕਤ ਭੁਲੇਖੇ ਦਾ ਇੱਕ ਤਰਕਪੂਰਨ ਜਵਾਬ ਹੈ। ਪੁਸਤਕ ਇਸ ਗੱਲ ਦੀ ਗਵਾਹ ਹੈ ਕਿ ਸਿੱਖਾਂ ਨੇ ਦੇਸ਼ਾਂ ਵਿਦੇਸ਼ਾਂ ਵਿਚ ਆਪਣੇ ਗਿਆਨ ਅਤੇ ਵਿਗਿਆਨਕ ਖੋਜ ਕਾਰਜਾਂ ਨਾਲ ਹੈਰਾਨ ਕਰਨ ਵਾਲੀਆਂ ਵੱਡੀਆਂ ਮੱਲਾਂ ਮਾਰੀਆਂ ਹਨ। ਕਿਹਾ ਜਾਂਦਾ ਰਿਹਾ ਏ ਕਿ ਸਿੱਖਾਂ ਨੇ ਇਤਿਹਾਸ ਬਣਾਇਆ ਜ਼ਰੂਰ ਹੈ ਪਰ ਉਸ ਨੂੰ ਸਾਂਭਿਆ ਨਹੀਂ। ਡਾ. ਸੁਰਜੀਤ ਸਿੰਘ ਭੱਟੀ ਨੇ ਇਸ ਉਲਾਂਭੇ ਨੂੰ ਲਾਹੁਣ ਲਈ ਕੁਝ ਸਿਰਕੱਢ ਸਿੱਖ ਵਿਗਿਆਨਕਾਂ ਨੂੰ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ ਜਿਹਨਾਂ ਨੇ ਵਿਲੱਖਣ ਖੋਜਾਂ ਕੀਤੀਆਂ ਹਨ। ਪਰ ਬਹੁਤੇ ਸਿੱਖਾਂ ਨੂੰ ਵੀ ਇਸ ਦਾ ਗਿਆਨ ਨਹੀਂ ਅਤੇ ਉਹ ਸੰਸਾਰ ਨੂੰ ਸਿੱਖਾਂ ਦੀਆਂ ਪ੍ਰਾਪਤੀਆਂ ਬਾਰੇ ਕੁਝ ਵੀ ਦੱਸ ਨਹੀਂ ਸਕਦੇ। ਇਸ ਵਿਸ਼ੇ ਤੇ ਇਸ ਖੋਜਪੂਰਨ ਪੁਸਤਕ ਲਈ ਲੇਖਕ ਦੀ ਪ੍ਰਸੰਸਾ ਕਰਨੀ ਬਣਦੀ ਹੈ।

ਵਿਗਿਆਨ ਦੀ ਗੱਲ ਉਹ ਹੀ ਕਰ ਸਕਦਾ ਹੈ, ਜੋ ਆਪ ਇਸ ਨਾਲ ਧੁਰ ਅੰਦਰੋਂ ਜੁੜਿਆ ਹੋਵੇ। ਡਾ. ਭੱਟੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਪ੍ਰੋਫੈਸਰ, ਮੁਖੀ ਫਿਜਿਕਸ ਵਿਭਾਗ ਅਤੇ ਡੀਨ, ਫੈਕਲਟੀ ਆਫ ਸਾਇੰਸਜ਼ ਰਹਿ ਚੁੱਕੇ ਹਨ। ਉਨ੍ਹਾਂ ਦੇ ਵਿਗਿਆਨਕ ਵਿਸ਼ਿਆਂ ਤੇ 100 ਤੋਂ ਵੱਧ ਲੇਖ ਦੇਸ਼ ਵਿਦੇਸ਼ ਵਿੱਚ ਛਪ ਚੁੱਕੇ ਹਨ। ਕਈ ਵਿਦਿਆਰਥੀ ਉਨ੍ਹਾਂ ਦੀ ਨਿਗਰਾਨੀ ਵਿਚ ਪੀ ਐਚ ਡੀ ਕਰ ਚੁੱਕੇ ਹਨ। ਵੱਡੀ ਖੂਬੀ ਇਹ ਕਿ ਉਹ ਗੁਰਮਤਿ ਨੂੰ ਪ੍ਰਣਾਏ ਇੱਕ ਸਿਦਕੀ ਅਤੇ ਨਿਮਰਤਾ ਦੇ ਮਾਲਕ ਸਿੱਖ ਹਨ। ਉਨ੍ਹਾਂ ਨੇ ਬੜੀ ਮਿਹਨਤ ਕਰ ਕੇ ਇਨ੍ਹਾਂ ਹੀਰੇ ਵਿਗਿਆਨਕ ਸਿੱਖਾਂ ਦੀ ਪਰਖ ਕੀਤੀ ਹੈ।

ਪ੍ਰੋ. ਪੂਰਨ ਸਿੰਘ ਨੂੰ ਬਹੁਤੇ ਲੋਕ ਇੱਕ ਖੁਲ੍ਹਦਿਲੇ ਕਵੀ ਅਤੇ ਸ਼ਰਧਾਲੂ ਸਿੱਖ ਦੇ ਰੂਪ ਵਿਚ ਵਧੇਰੇ ਜਾਣਦੇ ਹਨ, ਪਰ ਉਨ੍ਹਾਂ ਦੀ ਵਿਗਿਆਨਕ ਦੇਣ ਪੜ੍ਹਦੇ ਹਾਂ, ਤਾਂ ਹੈਰਾਨ ਹੁੰਦੇ ਹਾਂ। ਕੁਦਰਤੀ ਸੋਮਿਆਂ ਤੋਂ ਉਨ੍ਹਾਂ ਨੇ ਖੁਸ਼ਬੂਦਾਰ ਅਤੇ ਉਦਯੋਗਿਕ ਤੇਲਾਂ ਤੇ ਡੂੰਗੀ ਖੋਜ ਕੀਤੀ। ਚੀਨੀ ਨੂੰ ਪਹਿਲਾਂ ਜਾਨਵਰਾਂ ਦੀ ਹੱਡੀਆਂ ਦੇ ਚਾਰਕੋਲ ਨਾਲ ਸਾਫ਼ ਕੀਤਾ ਜਾਂਦਾ ਸੀ, ਪਰ ਉਨ੍ਹਾਂ ਨੇ ਇਸ ਤੋਂ ਬਿਨਾਂ ਚੀਨੀ ਸਾਫ ਕਰਨ ਦਾ ਢੰਗ ਲੱਭਿਆ। ਉਨ੍ਹਾਂ ਦੀਆਂ ਨਵੀਆਂ ਖੋਜਾਂ ਦਾ ਉਦਯੋਗਾਂ ਅਤੇ ਲੋਕਾਂ ਵਲੋਂ ਭਰਪੂਰ ਸਵਾਗਤ ਕੀਤਾ ਗਿਆ।

ਡਾ ਬਾਵਾ ਕਰਤਾਰ ਸਿੰਘ ਨੂੰ 'ਸਟੀਰੀਓ ਕੈਮਿਸਟਰੀ' ਦਾ ਪਿਤਾ ਆਖਿਆ ਜਾਂਦਾ ਹੈ। ਉਨਾਂ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਹੋਣ ਦੇ ਬਾਵਜੂਦ ਕੋਈ ਡੇਰਾ ਬਣਾਉਣ ਦੀ ਥਾਂ ਮਿਹਨਤ ਅਤੇ ਖੋਜ ਵਿਚ ਜੀਵਨ ਗੁਜਾਰਿਆ ਅਤੇ 'ਔਪਟੀਕਲੀ ਐਕਟਿਵ' ਰਸਾਇਣਕ ਪਦਾਰਥਾਂ ਬਾਰੇ ਨਵੀਆਂ ਧਾਰਨਾਵਾਂ ਦਿੱਤੀਆਂ। ਕਈ ਖੋਜਾਂ ਕਾਰਣ ਉਨ੍ਹਾਂ ਦੀ ਪ੍ਰਸਿੱਧੀ ਏਨੀ ਹੋਈ ਕਿ ਉਨ੍ਹਾਂ ਨੂੰ ਨੋਬੈਲ ਕਮੇਟੀ ਦੇ ਉਸ ਪੈਨਲ ਦਾ ਮੈਂਬਰ ਲਿਆ ਗਿਆ, ਜਿਸ ਨੇ ਕੈਮਿਸਟਰੀ ਵਿਚ ਨੋਬੈਲ ਪਰਾਈਜ ਦਿੱਤੇ ਜਾਣ ਲਈ ਨਾਵਾਂ ਦੀ ਸਿਫਾਰਸ਼ ਕਰਨੀ ਸੀ। ਪਰ ਕਮੇਟੀ ਉਨ੍ਹਾਂ ਦਾ ਆਪਣਾ ਨਾਮ ਭੁੱਲ ਗਈ। ਸਿੱਖੀ ਵਿੱਚ ਪਰਪੱਕ ਹੋਣ ਕਰਕੇ ਉਨ੍ਹਾਂ ਨੂੰ ਪਟਨਾ ਸਾਹਿਬ ਦੇ ਗੁਰਦੁਆਰਾ ਦਾ ਪ੍ਰਧਾਨ ਵੀ ਚੁਣਿਆ ਗਿਆ ਸੀ।

ਡਾ ਨਰਿੰਦਰ ਸਿੰਘ ਕਪਾਨੀ ਜਿਨ੍ਹਾਂ ਨੇ ਆਧੁਨਿਕ 'ਔਪਟੀਕਲ ਫਾਈਬਰ ਕੇਬਲਜ' ਦੀ ਖੋਜ ਕੀਤੀ ਜਿਹੜੀ ਹਾਈ ਸਪੀਡ ਇੰਟਰਨੈੱਟ ਸੰਚਾਰ ਦੀ ਰੀੜ੍ਹ ਦੀ ਹੱਡੀ ਹੈ, ਦੇ ਨਾਮ 120 ਪੈਟੇਂਟ ਸਨ।

ਉਨ੍ਹਾਂ ਨੇ ਫਾਈਬਰ ਨੂੰ ਅੰਦਰੋਂ ਪਾਲਿਸ਼ ਕਰਨ ਦੀ ਵਿਧੀ ਲੱਭੀ ਜਿਸ ਨਾਲ ਰੇਡੀਓ-ਤਰੰਗਾਂ ਦਾ ਅੰਦਰੂਨੀ ਪਰਾਵਰਤਨ ਦੌਰਾਨ ਨੁਕਸਾਨ ਬਚ ਗਿਆ। ਉਹ ਇੱਕ ਸਫਲ ਉੱਦਮੀ ਹੋਣ ਦੇ ਨਾਲ ਇਕ ਗੁਰਸਿਖ ਸਨ ਜਿਨਾਂ ਨੇ "ਦੀ ਸਿੱਖ ਫਾਊਂਡੇਸ਼ਨ" ਸੰਸਥਾ ਵੀ ਬਣਾਈ ਜੋ ਸਿੱਖ ਵਿਰਾਸਤ ਨੂੰ ਉਤਸ਼ਾਹਿਤ ਕਰਦੀ ਹੈ। ਉਨ੍ਹਾਂ ਕੈਲੀਫੋਰਨੀਆ ਵਿਚ ਸਿੱਖ ਸਟੱਡੀਜ਼, ਔਪਟੋ-ਇਲੈਕਟ੍ਰੋਨਿਕਸ ਅਤੇ ਐਂਟਰਪਰੀਨਿਉਰਸ਼ਿਪ ਲਈ ਚੇਅਰਾਂ ਵੀ ਸਥਾਪਤ ਕਰਵਾਈਆਂ। ਲੇਖਕ ਅਨੁਸਾਰ ਉਹ ਨੋਬੈਲ ਇਨਾਮ ਦੇ ਹੱਕਦਾਰ ਸਨ।

ਡਾ ਹਰਕਿਸ਼ਨ ਸਿੰਘ ਨੇ ਚੰਡੀਗੜ੍ਹ ਵਿਚ ਅਦਾਰਾ 'ਨੈਸ਼ਨਲ ਇੰਸਟੀਚਿਊਟ ਆਫ ਫਾਰਮਾਸਿਊਟੀਕਲ ਐਜੂਕੇਸ਼ਨ ਅਤੇ ਰੀਸਰਚ (ਨਿਪਰ) ਸਥਾਪਿਤ ਕਰਵਾਇਆ। ਇੱਕ ਦਵਾਈ ਦੀ ਖੋਜ ਕੀਤੀ ਜਿਹੜੀ ਸਟੀਰਿਓਡ ਦਾ ਬਦਲ ਸੀ। ਇਸ ਨੂੰ ਭਾਰਤ ਸਰਕਾਰ ਨੇ ਅਤੇ ਵਰਲਡ ਹੈਲਥ ਔਰਗੇਨਾਈਜੇਸ਼ਨ ਨੇ ਵੀ ਪ੍ਰਵਾਨਗੀ ਦਿੱਤੀ। 18 ਪੁਸਤਕਾਂ, 350 ਖੋਜ ਪੱਤਰ ਅਤੇ 14 ਪੈਟੇਂਟ ਵਾਲੇ ਇਸ ਖੋਜ ਵਿਗਿਆਨੀ ਨੂੰ 2017 ਵਿਚ ਭਾਰਤ ਸਰਕਾਰ ਨੇ 'ਪਦਮ ਸ਼੍ਰੀ' ਦਾ ਸਨਮਾਨ ਵੀ ਦਿੱਤਾ।

'ਪਦਮ ਭੂਸ਼ਨ' ਨਾਲ ਸਨਮਾਨਿਤ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਰਹੇ, ਡਾ ਖੇਮ ਸਿੰਘ ਗਿੱਲਾਂ ਨੂੰ 'ਹਰੀ ਕ੍ਰਾਂਤੀ ਦਾ ਪਿਤਾਮਾ' ਕਿਾ ਜਾਂਦਾ ਹੈ। ਉਨ੍ਹਾਂ ਨੇ ਕਣਕ, ਚੌਲਾਂ ਅਤੇ ਹੋਰ ਅਨਾਜਾਂ ਦੀਆਂ ਨਵੀਆਂ ਕਿਸਮਾਂ ਤਿਆਰ ਕੀਤੀਆਂ ਜਿਹੜੀਆਂ ਖਰਾਬ ਵਾਤਾਵਰਣ ਵਿਚ ਵੀ ਕਾਇਮ ਰਹਿ ਸਕਦੀਆਂ ਸਨ। ਇਸ ਤੋਂ ਏਸ਼ੀਆ ਵਿਚੋਂ ਅਨਾਜ ਦੀ ਕਮੀ ਦੂਰ ਹੋਈ ਅਤੇ ਪੈਦਾਵਾਰ ਵਧੀ।

ਡਾ ਗਿੱਲ ਈਟਰਨਲ ਯੁਨੀਵਰਸਿਟੀ ਬੜੂ ਸਾਹਿਬ, ਅਕਾਲ ਯੂਨੀਵਰਸਿਟੀ ਤਲਵੰਡੀ ਸਾਬੋ ਅਤੇ ਅਕਾਲ ਅਕੈਡਮੀਆਂ ਦੇ ਮੁੱਖ ਸਲਾਹਕਾਰ ਰਹੇ, ਜਿਥੇ ਪੜ੍ਹਾਈ ਦੇ ਨਾਲ ਸਿੱਖੀ ਅਧਿਆਤਮਕਤਾ ਅਤੇ ਜੀਵਨ ਦੀਆਂ ਕਦਰਾਂ ਕੀਮਤਾਂ ਸਿਖਾਈਆਂ ਜਾਂਦੀਆਂ ਹਨ।

ਡਾ ਕਰਤਾਰ ਸਿੰਘ ਲਾਲਵਾਨੀ ਨੇ ਕੁਦਰਤੀ ਦਵਾਈਆਂ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੀ ਕੰਪਨੀ (ਵੀਟਾਬਾਇਓਟਿਕਸ) ਦੇ ਬਣੇ ਵਿਟਾਮਿਨ-ਯੁਕਤ ਯੋਗਿਕ ਸੰਸਾਰ ਭਰ ਵਿਚ ਬਹੁਤ ਪ੍ਰਸਿੱਧ ਅਤੇ ਲਾਭਦਾਇਕ ਸਿੱਧ ਹੋਏ ਹਨ। ਉਨ੍ਹਾਂ ਨੂੰ ਆਪਣੀ ਖੋਜ ਅਤੇ ਸਮਾਜ ਸੇਵਾ ਕਾਰਣ ਮਿਲੇ ਬਹੁਤ ਸਾਰੇ ਸਨਮਾਨਾਂ ਵਿਚ ਇੰਗਲੈਂਡ ਦਾ ਸਭ ਤੋਂ ਉੱਚਾ ਸਨਮਾਨ "ਆਰਡਰ ਆਫ ਦੀ ਬ੍ਰਿਟਿਸ਼ ਐਂਪਾਇਰ" ਵੀ ਸੀ। ਉਨ੍ਹਾਂ ਔਰਤਾਂ ਅਤੇ ਬੱਚਿਆਂ ਦੀ ਸਿਹਤ ਲਈ ਫੰਡ ਦੇ ਕੇ 'ਬੇਬੀ ਲਾਈਫ਼ ਸੁਪੋਰਟ' ਨਾਂ ਦੀ ਸੰਸਥਾ ਬਣਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਸਿੱਖਾਂ ਦੇ ਵਿਰਸੇ ਦੀ ਸੰਭਾਲ ਅਤੇ ਨੌਜਵਾਨਾਂ ਦੀ ਪੜ੍ਹਾਈ ਲਈ ਵੀ ਬਹੁਤ ਯੋਗਦਾਨ ਦਿੱਤਾ।

ਡਾ ਦਵਿੰਦਰ ਸਿੰਘ ਚਾਹਲ ਨੇ ਜੈਵਿਕ ਰਹਿੰਦ-ਖੂੰਹਦ ਤੋਂ ਮਨੁੱਖੀ ਖੁਰਾਕ, ਪਸ਼ੂਆਂ ਦੀ ਫੀਡ ਅਤੇ ਸਾਫ ਬਾਲਣ ਬਣਾਉਣ ਦੇ ਨਵੇਂ ਤਰੀਕੇ ਲੱਭੇ ਜਿਨ੍ਹਾਂ ਨਾਲ ਪ੍ਰਦੂਸ਼ਣ ਵੀ ਘਟਦਾ ਹੈ। ਉਹ ਜਰਨਲ ਆਫ ਦੀ 'ਇੰਸਟੀਚਿਊਟ ਫ਼ਾਰ ਦੀ ਅੰਡਰਸਟੈਂਡਿੰਗ ਆਫ ਸਿਖਿਜ਼ਮ' ਦੇ ਸੰਸਥਾਪਕ ਅਤੇ ਸੰਪਾਦਕ ਹਨ। ਡਾ. ਚਾਹਲ ਨੇ ਸਿੱਖ ਵਿਚਾਰਧਾਰਾ ਬਾਰੇ ਕਈ ਪੁਸਤਕਾਂ ਅਤੇ ਖੋਜ ਪੇਪਰ ਲਿਖੇ। ਉਨ੍ਹਾਂ ਨੂੰ ਕਈ ਓੱਚ-ਪੱਧਰੀ ਸੰਸਥਾਵਾਂ ਤੋਂ ਸਨਮਾਨ ਮਿਲੇ।

'ਪਦਮ ਸ਼੍ਰੀ ਅਵਾਰਡ' ਨਾਲ ਸਨਮਾਨਿਤ ਡਾ ਗੁਰਦੇਵ ਸਿੰਘ ਖੁਸ਼ ਚਾਵਲ ਦੀ ਉਪਜ ਵਧਾਉਣ ਲਈ ਖੋਜ ਕਰਨ ਵਾਲੇ ਵਿਗਿਆਨੀ ਹਨ। ਉਨ੍ਹਾਂ ਨੇ ਇੰਟਰਨੈਸ਼ਨਲ ਰਾਈਸ ਰੀਸਰਚ ਇੰਸਟੀਚਿਊਟ ਫਿਲੀਪਾਈਨਜ ਵਿਚ ਕੰਮ ਕਰਦਿਆਂ ਹੋਇਆਂ ਚੌਲਾਂ ਦੀਆਂ ਵੱਧ ਝਾੜ ਦੇਣ ਵਾਲੀਆਂ 300 ਦੇ ਕਰੀਬ ਨਵੀਆਂ ਕਿਸਮਾਂ ਪੈਦਾ ਕੀਤੀਆਂ ਜਿਨ੍ਹਾਂ ਨਾਲ ਚੌਲਾਂ ਦੀ ਉਪਜ ਵਿਚ ਕ੍ਰਾਂਤੀਕਾਰੀ ਵਾਧਾ ਹੋਇਆ। ਉਨ੍ਹਾਂ ਨੂੰ ਕਈ ਭਾਰਤੀ ਅਤੇ ਵਿਦੇਸ਼ੀ ਯੂਨੀਵਰਸਿਟੀਆਂ ਅਤੇ ਖੋਜ ਸੰਸਥਾਵਾਂ ਤੋਂ ਸੈਂਕੜੇ ਸਨਮਾਨ ਪ੍ਰਾਪਤ ਹੋਏ ਜਿਨ੍ਹਾਂ ਵਿਚ ਨੋਬੈਲ ਪਰਾਈਜ ਦੇ ਬਰਾਬਰ ਦਾ 'ਵਰਲਡ ਫੂਡ ਪਰਾਈਜ' ਵੀ ਸ਼ਾਮਲ ਹੈ। ਉਹ ਪਹਿਲੇ ਸਿੱਖ 'ਫੈਲੋ ਆਫ ਰੌਇਲ ਸੋਸਾਇਟੀ' ਹਨ।

ਡਾ ਨਰੰਜਨ ਸਿੰਘ ਢੱਲਾ, ਦਿਲ ਨਾਲ ਸਬੰਧਿਤ ਬਿਮਾਰੀਆਂ ਦੇ ਵਿਸ਼ਵ-ਪ੍ਰਸਿੱਧ ਮਾਹਰ, ਨੇ ਨਵੀਆਂ ਖੋਜਾਂ ਕਰ ਕੇ ਕਈ ਮੱਲਾਂ ਮਾਰੀਆਂ ਹਨ। ਉਨ੍ਹਾਂ ਨੂੰ ਕੈਨੇਡਾ ਦਾ ਸਭ ਤੋਂ ਵੱਡਾ ਇਨਾਮ 'ਆਰਡਰ ਆਫ ਕੈਨੇਡਾ' ਅਤੇ 'ਕੈਨੇਡੀਅਨ ਮੈਡੀਕਲ ਖੋਜ ਦੇ ਪ੍ਰਸਿੱਧ' ਅਹੁਦੇ' ਦਾ ਸਭ ਤੋਂ ਵੱਡਾ ਸਨਮਾਨ ਮਿਲਿਆ ਹੈ।

ਇਸੇ ਤਰਾਂ ਆਪਣੇ ਨਾਮ ਤੇ 1400 ਦੇ ਕਰੀਬ ਪੈਟੇਂਟ ਕਰਵਾਉਣ ਵਾਲੇ ਡਾ. ਗੁਰਤੇਜ ਸਿੰਘ ਸੰਧੂ (ਅਮਰੀਕਨ ਖੋਜ ਵਿਗਿਆਨੀ ਥੌਮਸ ਐਡੀਸਨ ਦੇ ਰਿਕਾਰਡ 1100 ਤੋਂ ਵਧ) ਨੇ ਆਧੁਨਿਕ ਸਦੀ ਦੀ ਕੰਪਿਊਟਰ ਤਕਨਾਲੋਜੀ ਵਿਚ ਵੱਡਾ ਇਨਕਲਾਬ ਲਿਆਂਦਾ। ਲੇਖਕ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਮ੍ਰਿਤਸਰ ਵਿਚ ਇਸ ਵਿਗਿਆਨਕ ਦੇ ਅਧਿਆਪਕ ਰਹੇ ਹੋਣ ਦਾ ਮਾਣ ਹਾਸਲ ਹੈ।

ਇਨ੍ਹਾਂ ਤੋਂ ਇਲਾਵਾ ਪੁਸਤਕ ਵਿਚ ਇੱਸੇ ਪੱਧਰ ਦੀਆਂ ਖੋਜਾਂ ਕਰਨ ਵਾਲੇ ਹੋਰ ਵਿਗਿਆਨੀ ਹਨ; ਅੱਖਾਂ ਦੇ ਮਾਹਰ ਡਾ. ਸੋਹਨ ਸਿੰਘ, ਦਿਲ ਦੇ ਰੋਗਾਂ ਦੇ ਮਾਹਰ ਡਾ. ਹਰਵਿੰਦਰ ਸਿੰਘ, ਇੰਜੀਨੀਅਰ ਡਾ. ਰਘਬੀਰ ਸਿੰਘ ਖਾਂਡਪੁਰ, ਡਾ. ਸੰਤੋਖ ਸਿੰਘ ਬਦੇਸ਼ਾ ਅਤੇ ਪ੍ਰਸਿੱਧ ਇਜੀ. ਸ੍ਰ. ਜਸਬੀਰ ਸਿੰਘ ਸੇਠੀ। ਕਈ ਨਾਂ ਰਹਿ ਵੀ ਗਏ ਹਨ ਪਰ ਫਿਲਹਾਲ 15 ਵਿਗਿਆਨੀ ਹੀ ਸ਼ਾਮਲ ਕੀਤੇ ਗਏ ਹਨ। ਪੁਸਤਕ ਦੀ ਇੱਕ ਹੋਰ ਵਿਸ਼ੇਸ਼ਤਾ ਹੈ ਇਸ ਦਾ 'ਅਪੈਂਡਿਕਸ' ਵਾਲਾ ਭਾਗ। ਇਸ ਵਿਚ ਇਨ੍ਹਾਂ ਸਾਰੇ ਖੋਜੀਆਂ ਦੇ ਕੰਮਾਂ ਨੂੰ ਹੋਰ ਵਧੇਰੇ ਵਿਸਥਾਰ ਨਾਲ ਦੱਸਿਆ ਗਿਆ ਹੈ।

ਪੁਸਤਕ ਨੂੰ ਪੜ੍ਹਦਿਆਂ ਕਈ ਦੇਸ਼ਾਂ ਦੀਆਂ ਵੱਡੀਆਂ ਯੂਨੀਵਰਸਿਟੀਆਂ, ਖੋਜ ਸੰਸਥਾਵਾਂ ਅਤੇ ਸਰਕਾਰਾਂ ਦੇ ਉਨ੍ਹਾਂ ਵੱਡੇ ਇਨਾਮਾਂ ਬਾਰੇ ਜਾਣ ਕੇ ਹੈਰਾਨੀ ਹੁੰਦੀ ਹੈ ਅਤੇ ਮਾਣ ਮਹਿਸੂਸ ਹੁੰਦਾ ਹੈ ਜੋ ਸਿੱਖ ਕੌਮ ਦੇ ਇਨ੍ਹਾਂ ਹੀਰਿਆ ਨੂੰ ਮਿਲੇ ਹਨ। ਲੇਖਕ ਨੇ ਉਨ੍ਹਾਂ ਦੀ ਸਿੱਖੀ ਲਈ ਕੀਤੇ ਗਏ ਕੰਮਾਂ ਦਾ ਜ਼ਿਕਰ ਵੀ ਕੀਤਾ ਹੈ ਜਿਸ ਤੋਂ ਪਾਠਕ ਜਿਥੇ ਇਨ੍ਹਾਂ ਵਿਗਿਆਨਕ ਖੋਜੀਆਂ ਦੀ ਸਿਆਣਪ ਅਤੇ ਮਿਹਨਤ ਦਾ ਸਤਿਕਾਰ ਕਰਦਾ ਹੈ, ਉੱਥੇ ਸਹਿਜੇ ਹੀ ਉਸ ਦਾ ਇਹ ਵਿਸ਼ਵਾਸ਼ ਵੀ ਪਕੇਰਾ ਹੁੰਦਾ ਹੈ ਕਿ ਅਕਾਲਪੁਰਖ ਪ੍ਰਤੀ ਰੱਖਿਆ ਨਿਸ਼ਚਾ ਆਪਣੀ ਕਲਾ ਜਰੂਰ ਵਰਤਾਉਂਦਾ ਹੈ ਜਿਸ ਨਾਲ ਵੱਡੀਆਂ ਪ੍ਰਾਪਤੀਆਂ ਹੁੰਦੀਆਂ ਹਨ। ਇਹ ਪੁਸਤਕ ਨੌਜਵਾਨ ਖੋਜੀਆਂ ਅਤੇ ਵਿਗਿਆਨਕਾਂ ਲਈ ਪ੍ਰੇਰਣਾ-ਸਰੋਤ ਹੈ। ਮੈਂ ਇਸ ਪੁਸਤਕ ਲਈ ਜਿੱਥੇ ਲੇਖਕ ਅਤੇ ਸਾਥੀਆਂ ਨੂੰ ਮੁਬਾਰਕ ਦਿੰਦਾ ਹਾਂ, ਉੱਥੇ ਹੀ ਬੇਨਤੀ ਕਰਦਾ ਹਾਂ ਕਿ ਇਸ ਨੂੰ ਹੋਰ ਭਾਸ਼ਾਵਾਂ, ਖਾਸ ਕਰਕੇ ਪੰਜਾਬੀ, ਵਿਚ ਵੀ ਛਾਪਣ ਦਾ ਉੱਦਮ ਕੀਤਾ ਜਾਵੇ ਤਾਂ ਕਿ ਹੋਰ ਲੋਕ ਵੀ ਕੌਮ ਦੇ ਇ੍ਹਨਾਂ ਸਪੂਤਾਂ ਤੇ ਮਾਣ ਕਰ ਸਕਣ।

**We are Proud of of them**





**Dr Kala Singh receives King Charles III Coronation Interfaith Medal**

Dr Kala Singh was one of seven recipients of King Charles III Coronation Medal for Interfaith work from Premier David Eby. Premier then offered Dr Kala Singh his Chair for a picture with him, making him "Singh The King". (Photos Above)

**Guru Nanak International Interfaith Award** at

**Hofstra University, New York**

"Guru Nanak International Interfaith Award" was introduced by S. Isher Singh Bindra family in collaboration with Hofstra University, Long Island, New York.

His Holiness Dalai Lama is the first recipient of one lakh Dollars and a citation in 2008. This is the unique contribution in the world to spread the message of Guru Nanak. A Gala function was organized in New York to honour the 9$^{th}$ Award.

(Video released by Hofstra University).

https://drive.google.com/drive/mobile/folders/1v1q-o3-_5V8-DnfvH5IKj-wHEDYD2608?usp=sharing

(Sent by S. Tarlochan Singh, Ex-MP and Chairman, Minorities Commission, India)

# ਪ੍ਰੋਫੈਸਰ (ਡਾ:) ਦਲਜੀਤ ਸਿੰਘ ਵਿਰਕ – OBE (UK)

ਡਾ. ਵਿਰਕ Genetics and Plant Breeding ਵਿਚ ਪ੍ਰਸਿੱਧ ਵਿਗਿਆਨੀ, ਸਿੱਖ ਧਰਮ ਦੇ ਵਿਦਵਾਨ ਅਤੇ ਸਮਾਜਿਕ ਕਾਰਜਕਾਰੀ ਹਨ। ਉਨ੍ਹਾਂ ਨੂੰ 2019 ਵਿਚ ਸੰਸਾਰਕ ਗਰੀਬੀ ਦੂਰ ਕਰਨ ਅਤੇ ਯੂ ਕੇ ਵਿਚ ਕੀਤੀਆਂ ਸੇਵਾਵਾਂ ਕਾਰਣ 'ਕੁਈਨ ਆਨਰ' ਦੇ Officer of the Order of the British Empire OBE) ਨਾਲ ਸਨਮਾਨਿਤ ਕੀਤਾ ਗਿਆ। 2015 ਦੇ ਬੈਂਗਰ ਯੂਨੀਵਰਸਿਟੀ ਦੇ Impact Award ਵਿਚ ਉਨਾਂ ਦੀ ਖੋਜ ਪਰਣਾਲੀ ਅਤੇ ਚੌਲਾਂ ਦੀਆਂ ਨਵੀਆਂ ਕਿਸਮਾਂ ਵਿਕਸਤ ਕਰਨ ਲਈ ਸਨਮਾਨ ਮਿਲਿਆ। ਇਹ ਕਿਸਮਾਂ ਸੋਕੇ ਵਾਲੀਆਂ ਮਾੜੀਆਂ ਜ਼ਮੀਨਾਂ ਅਤੇ ਗਰੀਬ ਕਿਸਾਨਾਂ ਲਈ ਲਾਹੇਵੰਦ ਸਾਬਿਤ ਹੋਈਆਂ।

ਡਾ: ਵਿਰਕ ਨੇ ਏਸ਼ੀਆ ਅਤੇ ਅਫਰੀਕਾ ਵਿਚ ਅੰਤਰ-ਰਾਸ਼ਟਰੀ ਸੰਸਥਾਵਾਂ ਦੇ ਪ੍ਰਾਜੈਕਟਾਂ (CIMMYT, IRRI, IAEA) ਲਈ ਕੰਮ ਕੀਤਾ। ਨਵੀਆਂ ਫਸਲੀ ਕਿਸਮਾਂ ਅਤੇ ਬੀਜਾਂ ਨਾਲ ਗਰੀਬ ਕਿਸਾਨਾਂ ਦੇ ਜੀਵਨ ਵਿਚ ਸੁਧਾਰ ਹੋਇਆ। ਕਈ ਵਿਗਿਆਨਿਕ ਅਕੈਡਮੀਆਂ ਨੇ ਉਨ੍ਹਾਂ ਨੂੰ 'ਫੈਲੋ' ਦੀ ਉਪਾਧੀ ਨਾਲ ਸਨਮਾਨਿਤ ਕੀਤਾ ਹੈ (Royal Society of Biology, Indian National Science Academy, National Academy of Agricultural Science). ਉਨ੍ਹਾਂ ਕਈ ਕਿਤਾਬਾਂ ਅਤੇ 350 ਤੋਂ ਵੱਧ ਖੋਜ ਪੱਤਰ ਲਿਖੇ ਅਤੇ Crop Improvement journal ਦੇ ਐਡੀਟਰ ਵੀ ਰਹੇ।



ਖਾਲਸਾ ਕਾਲਜ ਅੰਮ੍ਰਿਤਸਰ ਅਤੇ ਪੰਜਾਬ ਯੂਨੀਰਸਿਟੀ ਤੋਂ ਪਹਿਲੇ ਸਥਾਨ ਤੇ 1966 ਵਿਚ ਬੀ ਐਸ ਸੀ,, ਪੰਜਾਬ ਐਗਰੀਚਲਰਲ ਯੂਨੀਵਰਸਿਟੀ ਲੁਧਿਅਣਾ ਤੋਂ 1966 ਵਿਚ ਐਮ ਐਸ ਸੀ (ਪਲਾਂਟ ਬ੍ਰੀਡਿੰਗ), ਅਤੇ 1973 ਵਿਚ Commonwealth Scholarship ਤੇ ਬ੍ਰਮਿੰਘਮ ਯੂਨੀਵਰਸਿਟੀ ਤੋਂ PhD (Genetics) ਅਤੇ 1991 ਵਿਚ DSc ਡਿਗਰੀਆਂ ਲਈਆਂ।

ਡਾ: ਵਿਰਕ ਨੇ 2015 ਵਿਚ ਯੂ ਕੇ ਸਰਕਾਰ ਦੀ ਫੰਡਿੰਗ ਨਾਲ ਸਿੱਖ ਧਰਮ ਅਧਾਰਿਤ'ਅਕਾਲ ਪ੍ਰਾਇਮਰੀ ਸਕੂਲ' ਡਰਬੀ ਖੋਲਿਆ ਜੋ ਬਹੁਤ ਹਰਮਨ ਪਿਆਰਾ ਹੋਇਆ। ਉਹ ਸਿੱਖ ਧਰਮ ਦੇ ਲੋਕ ਪਸੰਦ ਵਕਤਾ ਹਨ ਤੇ ਸਿੱਖ ਚੈਨਲ ਟੀ ਵੀ ਤੇ ਸਿਖੀ ਸਵਾਲ ਜਵਾਬ ਸੈਸ਼ਨ ਦੇ ਮੈਂਬਰ ਚਲੇ ਆ ਰਹੇ ਹਨ। ਉਨ੍ਹਾਂ ਦੀ ਗੁਰਬਾਣੀ ਖੋਜ ਆਧਾਰਿਤ ਪੁਸਤਕ 'ਇਸ ਮਨ ਕੋ ਕੋਈ ਖੋਜਹੁ ਭਾਈ' ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਲੁਧਿਆਣਾ ਨੇ ਛਾਪੀ ਹੈ।

# ਸ਼ਹੀਦੀ

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਡ9ਮੰਟਨ (ਕੈਨੇਡਾ)

ਸ਼ਹੀਦ ਅਰਬੀ ਭਾਸ਼ਾ ਦਾ ਸ਼ਬਦ ਹੈ ਜਿਸਦੇ ਅਰਥ ਹਨ - ਗਵਾਹ ਜਾਂ ਸ਼ਾਕਸ਼ੀ। ਪਰ ਸਮਾਂ ਪਾ ਕੇ ਇਸ ਸ਼ਬਦ ਦਾ ਵਿਸਥਾਰ ਹੁੰਦਾ ਗਿਆ ਤੇ ਇਹ ਕੁਰਬਾਨੀ ਜਾਂ ਬਲੀਦਾਨ ਦੇ ਅਰਥਾਂ ਵਿਚ ਵੀ ਵਰਤਿਆ ਜਾਣ ਲਗਾ। ਇਹ ਸ਼ਬਦ ਸਾਮੀ ਸੰਸਕ੍ਰਿਤੀ ਤੋਂ ਭਾਰਤ ਵਿਚ ਆਇਆ। ਭਾਰਤ ਵਿਚ ਕਈ ਸੂਫ਼ੀ ਮੁਸਲਮਾਨ ਦਰਵੇਸ਼ਾਂ ਫ਼ਕੀਰਾਂ ਨਾਲ ਸ਼ਹਾਦਤ ਦੀਆਂ ਘਟਨਾਵਾਂ ਹੋਈਆਂ।

ਸ਼ਹਾਦਤ ਦਾ ਵਿਚਾਰ ਸਿੱਖ ਸਮਾਜ ਵਿਚ ਕੁਝ ਵੱਖਰੇ ਜਿਹੇ ਢੰਗ ਨਾਲ ਵੀ ਵਿਕਸਿਤ ਹੋਇਆ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਸ਼ਹੀਦ ਸ਼ਬਦ ਦੋ ਵਾਰੀ ਵਰਤਿਆ ਗਿਆ ਹੈ :-

ਗੁਰੂ ਨਾਨਕ ਸਾਹਿਬ ਨੇ ਸਿਰੀ ਰਾਗ ਵਿਚ :-

ਪੀਰ ਪੈਕਾਮਰ ਸਾਲਕ ਸਾਦਕ ਸੁਹਦੇ ਅਉਰ ਸਹੀਦ॥ ਸੇਖ ਮਸਾਇਕ ਕਾਜੀ ਮੁਲਾ, ਦਰਿ ਦਰਵੇਸ ਰਸੀਦ॥ ਬਰਕਤਿ ਤਿਨ ਕਉ ਅਗਲੀ ਪੜਦੇ ਰਹਨਿ ਦਰੂਦ॥3॥ (ਅੰਗ- 53)

ਰਾਗ ਮਾਰੂ ਵਿਚ ਭਗਤ ਰਵਿਦਾਸ ਅਨੁਸਾਰ -

ਜਾਕੈ ਈਦ ਬਕਰੀਦ ਕੁਲ ਗਊ ਰੇ ਬਧ ਕਰਹਿ, ਮਾਨੀਅਹਿ ਸੇਖ ਸਹੀਦ ਪੀਰਾ॥(1293)

ਇਥੇ ਸ਼ਹੀਦ ਨੂੰ ਪੀਰਾਂ ਫ਼ਕੀਰਾਂ ਤੇ ਪੈਗੰਬਰਾਂ ਦੀ ਪਦਵੀ ਨਾਲ ਸ਼ਾਮਿਲ ਕੀਤਾ ਗਿਆ ਹੈ।

ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਨਾਲ ਧਰਮ ਲਈ ਸ਼ਾਂਤਮਈ ਢੰਗ ਨਾਲ ਅਥਵਾ ਯੁੱਧ ਵਿਚ ਕਰਬਾਨੀ ਕਰਨ ਵਾਲੇ ਪੁਰਸ਼ਾਂ ਲਈ ਸ਼ਹੀਦ ਪਦ ਦਾ ਵਧੇਰੇ ਪ੍ਰਚਲਨ ਹੋਣ ਲਗਾ। ਮਹਾਨ ਕੋਸ਼ ਨੇ ਹੋਰ ਅਰਥਾਂ ਨਾਲ “ਧਰਮ ਯੁੱਧ ਵਿਚ ਮਰਨ ਵਾਲੇ” ਨੂੰ ਵੀ ਸ਼ਹੀਦ ਲਿਖਿਆ ਹੈ। ਪੰਜਵੇਂ ਸਤਿਗੁਰਾਂ ਮਗਰੋਂ ਗੁਰੂ ਤੇਗ ਬਹਾਦਰ ਸਾਹਿਬ, ਚਾਰ ਸਾਹਿਬਜ਼ਾਦੇ, ਮਾਤਾ ਗੁਜਰੀ ਜੀ, ਚਾਲੀ ਮੁਕਤੇ ਅਤੇ ਮੁਗਲਾਂ ਪਠਾਣਾ ਨਾਲ ਧਰਮ ਯੁੱਧ ਵਿਚ ਮਰਨ ਵਾਲੇ ਅਣਗਿਣਤ ਸੂਰਮਿਆਂ ਦੀਆਂ ਸ਼ਹੀਦੀਆਂ ਦੀ ਲੰਮੀ ਲੜੀ ਚਲਦੀ ਰਹੀ ਹੈ।

ਸ਼ਹੀਦ ਪਦ “ਸੱਚ ਦੀ ਗਵਾਹੀ “ ਦੇਣ ਵਾਲੇ ਅਤੇ “ਸੱਚੁ ਕਰਣੀ ਸੱਚੁ ਤਾ ਕੀ ਰਹਿਤ” ਰੱਖਣ ਵਾਲਿਆਂ ਦਾ ਧਾਰਣੀ ਹੈ ਜਿਸ ਦੀ ਪ੍ਰਾਪਤੀ ਲਈ “ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ” ਦੀ ਲੋੜ ਹੈ। ਇਸ ਬਾਰੇ ਸਤਿਗੁਰਾਂ ਦੇ ਅਨੇਕਾਂ ਫ਼ੁਰਮਾਨ ਹਨ :-

ਮਹਲਾ 1- ਜੇ ਤਉ ਪ੍ਰੇਮ ਖੇਲਣ ਕਾ ਚਾਉ॥ਸਿਰ ਧਰ ਤਲੀ ਗਲੀ ਮੇਰੀ ਆਉ॥ (ਅੰਗ-1410)

ਸਲੋਕ ਮ: 2- ਅਖੀਂ ਬਾਝਹੁ ਵੇਖਣਾ ਵਿਣ ਕੰਨਾ ਸੁਣਨਾ॥ ਪੈਰਾਂ ਬਾਝਹੁ ਚਲਣਾ ਵਿਣ ਹਥਾਂ ਕਰਣਾ॥ ਜੀਭੈ ਬਾਝਹੁ ਬੋਲਣਾ ਇਵ ਜੀਚਤ ਮਰਣਾ ॥ (ਅੰਗ-139)

ਬਿਹਾਗੜਾ ਮ: 3- ਗੁਰਪਰਸਾਦੀ ਜੀਵਤ ਮਰੈ, ਹੁਕਮੈ ਬੂਝੈ ਸੋਇ॥ ਨਾਨਕ ਐਸੀ ਮਰਨੀ ਜੋ ਮਰੈ, ਤਾ ਸਦ ਜੀਵਣ ਹੋਇ ॥ (ਅੰਗ-555)

ਗਉੜੀ ਮ: 4- ਤਿਆਗ ਮਾਨੁ ਝੂਠ ਅਭਿਮਾਨ॥ ਜੀਵਤ ਮਰਹਿ ਦਰਗਹ ਪਰਵਾਨ ॥ (ਅੰਗ-176)

ਮਾਰੂ ਮ: 5- ਪਹਿਲਾਂ ਮਰਣ ਕਬੂਲਿ ਜੀਵਨ ਕੀ ਛਡ ਆਸ ॥ (ਅੰਗ-1102)

ਸ਼ਹੀਦ ਉਹ ਹੈ ਜਿਸਨੇ ਜੀਉਂਦਿਆ ਹੀ ਆਪਣਾ ਆਪਾ ਗੁਰੂ ਨੂੰ ਸਮਰਪਤ ਕਰ ਦਿੱਤਾ ਹੈ ਤੇ ਗੁਰੂ ਦੀ ਸੇਵਾ ਵਿਚ ਜੀਵਨ ਜੀ ਰਿਹਾ ਹੈ।

ਭਾਈ ਗੁਰਦਾਸ ਜੀ ਅਜਿਹੇ ਮਰਜੀਵੜੇ ਪੁਰਸ਼ ਬਰੇ ਲਿਖਦੇ ਹਨ :-

ਮੁਰਦਾ ਹੋਇ ਮੁਰੀਦ ਨ ਗਲੀਂ ਹੋਵਣਾ॥ ਸਬਰ ਸਿਦਕ ਸ਼ਹੀਦ ਭਰਮ ਭਉ ਖੋਵਣਾ॥

ਗੋਲਾ ਮੁੱਲ ਖਰੀਦ ਕਾਰੇ ਜੋਵਣਾ॥ ਨਾ ਤਿਸੁ ਭੁਖ ਨ ਨੀਂਦ ਨ ਖਾਣਾ ਸੋਵਣਾ॥ ( ਵਾਰ 3/18)

ਸਿੱਖ ਇਤਿਹਾਸ ਅਣਗਿਣਤ ਸ਼ਹੀਦਾਂ, ਮੁਰੀਦਾਂ, ਹਠੀਆਂ, ਜਪੀਆਂ ਦੀਆਂ ਮਹਾਨ ਕੁਰਬਾਨੀਆਂ ਨਾਲ ਸ਼ਿੰਗਾਰਿਆ ਹੋਇਆ ਹੈ।

ਇਹ ਸੂਰਮੇ ਜੀਵਨ ਵਿਚ ਵੀ ਧਰਮ ਪ੍ਰਤੀ ਆਤਮ-ਸਮੱਰਪਣ ਕਰੀ ਬੈਠੇ ਸਨ । ਇਨ੍ਹਾਂ ਆਪਣਾ ਜੀਵਨ ਸ਼ਹੀਦੀ ਤੋਂ ਪਹਿਲਾਂ ਹੀ ਗੁਰੂ ਨੂੰ ਭੇਟਾ ਕੀਤਾ ਹੋਇਆ ਸੀ। ਸ਼ਹੀਦੀ ਤਾਂ ਇਸ ਸਮਰਪਣ ਦਾ ਅੰਤਿਮ ਪੜਾਅ ਸੀ। ਕੁਝ ਮਹਾਨ ਸ਼ਹੀਦਾ ਤੇ ਅੰਤਿਮ ਬਚਨ ਇਸ ਗਲ ਦੀ ਗਵਾਹੀ ਭਰਦੇ ਹਨ:-

ਭਾਈ ਮਨੀ ਸਿੰਘ-

ਦੇਹੀ ਕਿਸ ਕੀ ਬਾਪੁਰੀ ਸਿਖੀ ਜੇ ਸਾਬਤ ਹੋਇ। ਦੇਹ ਤੋ ਆਵਣ ਜਾਣ ਹੈ ਸਿਖੀ ਲਭੇ ਕਬ ਕੋਇ।

ਭਾਈ ਸੁਬੇਗ ਸਿੰਘ-

ਸਿਖ ਕਾਜ ਸੁ ਗੁਰੁ ਹਮਾਰੇ, ਸੀਸ ਦੀਓ ਨਿਜ ਧਨ ਪਰਵਾਰੈ। ਹਮ ਕਾਰਨ ਗੁਰ ਕਲਹਿ ਗਵਾਈ, ਹਮ ਕੁਲ ਰਾਖਹਿ ਕੌਣ ਵਡਾਈ।

ਭਾਈ ਤਾਰੂ ਸਿੰਘ-

ਸਿਖਨ ਕਾਰਨ ਸਤਿਗੁਰੂ ਦੀਨੇ ਸੀਸ ਲਗਾਇ। ਸੋ ਸਿਖ ਹਮ ਉਸ ਗੁਰੂ ਕੇ ਕਿਮ ਰਾਖੈਂ ਸੀਸ ਬਚਾਇ।

## ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ ...

ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)



ਸ੍ਰ. ਜਸਵਿੰਦਰ ਸਿੰਘ ਰੁਪਾਲ

੧. ਪੰਜਵੇਂ ਗੁਰਾਂ ਤੇ ਜਾਲਮ ਨੇ ਜ਼ੁਲਮ ਕੀਤਾ,
ਤਪਦੀ ਰੇਤ ਦੇ ਦਿੱਤਾ ਬਿਠਾਲ ਉੱਤੇ।
ਨੰਗੇ ਪਿੰਡੇ ਉੱਤੇ ਪਾਈ ਰੇਤ ਤੱਤੀ,
ਸੂਰਜ ਹੋਈ ਜਾਵੇ ਲਾਲੋ ਲਾਲ ਉੱਤੇ।
ਭਾਣਾ ਮੰਨ ਮਿੱਠਾ, ਹੋਏ ਸ਼ਹੀਦ ਭਾਵੇਂ,
ਮੁੱਖ ਦੇ ਆਉਣ ਨਾ ਦਿੱਤਾ ਮਲਾਲ ਉੱਤੇ।
ਸੱਚ-ਧਰਮ ਦੀ ਰੱਖਿਆ ਕਰਨ ਖਾਤਰ,
ਤੇਗ ਖੜਕਣੀ ਚਾਹੀਦੀ ਢਾਲ ਉੱਤੇ।

ਗੁਰੂ ਬਣਦਿਆਂ ਹੀ ਛੇਵੀਂ ਜੋਤ ਨੇ ਤਾਂ,
ਅਮਲ ਕੀਤਾ ਸੀ ਇਸੇ ਖਿਆਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

ਬਚਨ ਪਿਤਾ ਦੇ,ਪੁੱਤਰ ਦੀ ਸੂਝ ਦੋਵੇਂ,
ਇੱਕ ਨਵਾਂ ਇਤਿਹਾਸ ਰਚਾਉਣ ਲੱਗੇ।
ਇੱਕ ਖੱਬੇ ਤੇ ਦੂਸਰੀ ਪਾਈ ਸੱਜੇ,
ਤੇਗਾਂ ਦੋ ਦਾਤਾਰ ਸਜਾਉਣ ਲੱਗੇ।

੨. ਪੰਜਵੇਂ ਪਾਤਸ਼ਾਹ ਨੇ ਜਿਵੇਂ ਆਖਿਆ ਸੀ,
ਬਾਬਾ ਬੁੱਢਾ ਜੀ ਬਚਨ ਕਮਾਉਣ ਲੱਗੇ।
ਨਾਨਕ-ਜੋਤ-ਵਾਰਸ ਹਰਿਗੋਬਿੰਦ ਜੀ ਨੂੰ,
ਜਿੰਮੇਵਾਰੀ ਦਾ ਤਿਲਕ ਲਗਾਉਣ ਲੱਗੇ।

ਕਰਕੇ ਰਸਮ ਪੂਰੀ ਬਾਬੇ ਫਤਹਿ ਬੋਲੀ,
ਨੂਰੀ ਮੁੱਖਦੇ ਚਮਕੇ ਜਲਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

੩. ਜਦੋਂ ਸਿੱਖਾਂ  ਦਾ ਭਟਕਿਆ ਮਨ ਕਿਧਰੇ,
ਗੁਰਾਂ ਗਿਆਨ ਦੇ ਕੇ ਉਹਨੂੰ ਮੋੜਿਆ ਸੀ।
ਹਿਰਦੇ ਵਿੱਚ ਪ੍ਰੇਮ ਦੀ ਜਾਗ ਲਾ ਕੇ,
ਇੱਕੋ ਰੰਗ ਪ੍ਰਭੂ ਦਾ ਲੋੜਿਆ ਸੀ।
ਵੇਸ,ਭੇਖ,ਪਾਖੰਡ,ਅਗਿਆਨਤਾ ਨੂੰ,
ਸ਼ਬਦ ਬਾਣ ਨੇ ਮੁੱਢੋਂ ਹੀ ਤੋੜਿਆ ਸੀ।
ਅੱਤ ਹੋਈ ਨਾ ਕਿਧਰੇ ਕਠੋਰਤਾ ਦੀ,
ਤਾ ਹੀਂ ਪੀਰੀ ਸੰਗ ਮੀਰੀ ਨੂੰ ਜੋੜਿਆ ਸੀ।

ਵੈਰੀ ਤਾਈਂ ਜਦ ਸੱਚ ਵੰਗਾਰ ਪਾਵੇ,
ਕੜਕ ਤੇਗ ਦੀ ਜਾਪੇ ਜਿਉ ਕਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

੪. ਛੇਵੇਂ ਗੁਰਾਂ ਨੇ ਸਿੱਖਾਂ ਨੂੰ ਹੁਕਮ ਕੀਤਾ,
ਜਦੋ ਜਦੋ ਵੀ ਗੁਰੂ ਕੋਲ ਆਵਣਾ ਜੇ।
ਨੇਜੇ,ਤੀਰ,ਤਲਵਾਰ,ਹਥਿਆਰ ਸੱਭੇ,
ਜੋ ਜੋ ਮਿਲੇ ਉਹ ਨਾਲ ਲਿਆਵਣਾ ਜੇ।
ਸ਼ਸ਼ਤਰ-ਵਿਦਿਆ ਵਿੱਚ ਨਿਪੁੰਨ ਹੋਣਾ,
ਨਾ ਹੀ ਸ਼ਾਸ਼ਤਰ ਮਨੋਂ ਭੁਲਾਵਣਾ ਜੇ।
ਸਿੱਖੋ ਘੋੜ-ਸਵਾਰੀ ਤੇ ਜੰਗ ਕਰਨੀ,
ਸੰਤ ਨਾਲ ਸਿਪਾਹੀ ਕਹਾਵਣਾ ਜੇ।


ਪਹਿਲ ਕਰਨੀ ਨਹੀਂ,ਐਪਰ ਜੇ ਵਾਰ ਹੋਵੇ,
ਚੱਲੇ ਤੇਗ ਫਿਰ ਪੌਣ ਦੀ ਚਾਲ ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।

੫. ਖੁਦ ਘੋੜੇ ਤੇ ਚੜ੍ਹੇ ਹਜ਼ੂਰ ਮੇਰੇ,
ਜਾ ਕੇ ਜੰਗਲਾਂ ਵਿਚ ਸ਼ਿਕਾਰ ਕੀਤਾ।
ਸ਼ੇਰ ਨਾਲ ਹੋਇਆ ਕਿਧਰੇ ਟਾਕਰਾ ਜੇ,
ਇੱਕੋ ਝਟਕੇ ਨਾਲ ਉਹਨੂੰ ਸੀ ਪਾਰ ਕੀਤਾ।
ਭਗਤੀ-ਦਰ ਹਰਿਮੰਦਰ ਦੇ ਐਨ ਸਾਹਵੇਂ,
ਉੱਚਾ ਤਖਤ-ਅਕਾਲ ਤਿਆਰ ਕੀਤਾ।
ਦਿਸਣ ਝੂਲਦੇ ਦੋਵੇਂ ਨਿਸ਼ਾਨ ਉੱਚੇ,
ਬੇਗਮ-ਪੁਰੇ ਦਾ ਖਾਕਾ ਤਿਆਰ ਕੀਤਾ।

ਕਦਮਾਂ ਤੇਰਿਆਂ ਤੇ ਸਦਾ ਰਹਾਂ ਚੱਲਦਾ,
ਮਿਹਰ ਕਰੇਂ ਜੇ ਦਾਤਾ 'ਰੁਪਾਲ'  ਉੱਤੇ।
ਮੀਰੀ ਪੀਰੀ ਦੀਆਂ ਪਹਿਨ ਕੇ ਦੋ ਤੇਗਾਂ,
ਬੈਠੇ ਪਾਤਸ਼ਾਹ ਤਖਤ ਅਕਾਲ ਉੱਤੇ।
**********************************

## ਗ਼ਜ਼ਲ

ਸ਼੍ਰੀ ਸਤੀਸ਼ ਗੁਲਾਟੀ, ਲੁਧਿਆਣਾ (ਪੰਜਾਬ)



(ਚੇਤਨਾ ਪ੍ਰਕਾਸ਼ਨ, ਲੁਧਿਆਣਾ)

ਪੂਰੇ ਸੂਰੇ ਸਮਝ ਰਹੇ ਸਾਂ
ਅੱਧੇ ਪੌਣੇ ਨਿਕਲੇ ।
ਜਿੰਨ੍ਹੇ ਉੱਚੇ ਜਾਪ ਰਹੇ ਸਨ
ਓਨੇ ਬੌਣੇ ਨਿਕਲੇ ।

ਇਕ ਦੂਜੇ ਦੀਆਂ ਤਾਰੀਫ਼ਾਂ ਦੇ
ਪੁਲ ਤਕ ਬੰਨਣ ਵਾਲੇ।
ਚਿਹਰੇ ਮੋਹਰੇ ਹੋਰ ਦਿਸੇ ਪਰ
ਹੋਰ ਘਿਨੌਣੇ ਨਿਕਲੇ ।

ਅਪਣੀ ਕੀਮਤ ਹੀਰਿਆਂ ਤੋਂ ਵੀ
ਜ਼ਿਆਦਾ ਦੱਸ ਰਹੇ ਸਨ।
ਗੱਲੀਂ, ਬਾਤੀਂ, ਤੱਕਿਆ ਤਾਂ ਉਹ
ਅਓਣੇ ਪੌਣੇ ਨਿਕਲੇ ।


ਕਲ੍ਹ ਸ਼ੋਅ ਰੂਮ ਦੇ ਭਰਮਜਾਲ਼ ਵਿਚ
ਫਸ ਕੇ ਰਹਿ ਗਿਆ ਬੱਚਾ ।
ਹੋਰ ਖਿਡੌਣੇ ਦੇਖ ਰਿਹਾ ਸੀ
ਹੋਰ ਖਿਡੌਣੇ ਨਿਕਲੇ ।

ਚਾਂਦੀ ਦੇ ਵਰਕਾਂ ਵਿੱਚ ਲਿਪਟੇ
ਦੋ ਦਿਨ ਦੇ ਮਹਿਮਾਨ ।
ਮਿਰਚਾਂ ਵਾਂਗਣ ਸ਼ਕਲ ਸੀ
ਐਪਰ ਖੰਡ ਖਿਡੌਣੇ ਨਿਕਲੇ ।



ਈ-ਦੀਵਾਨ ਸੁਸਾਇਟੀ(ਕੈਲਗਰੀ)
ਵੱਲੋਂ
ਅੰਤਰਰਾਸ਼ਟਰੀ ਬਾਲ ਕਵੀ ਦਰਬਾਰ
ਡਾ.ਬਲਰਾਜ ਸਿੰਘ
ਸੰਸਥਾਪਕ ਤੇ ਸੰਚਾਲਕ
ਗੁਰਦੀਸ਼ ਕੌਰ ਕੈਲਗਰੀ
ਹੋਸਟ
ਸੁਜਾਨ ਸਿੰਘ ਸੁਜਾਨ ਟੋਰੰਟੋ
ਕੋ-ਹੋਸਟ
ਸ.ਜਗਬੀਰ ਸਿੰਘ
ਸੰਸਥਾਪਕ ਤੇ ਸੰਚਾਲਕ
ਮਿਤੀ 24 ਮਈ
ਸ਼ਨੀਵਾਰ
9 AM ਕੈਲਗਰੀ
ਸਮਾਂ:
8:30 PM ਇੰਡੀਆ
8:00 AM ਬੀ ਸੀ ,ਯੂ ਐਸ ਏ
11:00 AM ਟੋਰੰਟੋ
ਦੇਸ਼ ਵਿਦੇਸ਼ ਦੇ ਬੱਚਿਆਂ ਨੂੰ ਧਾਰਮਿਕ ਕਵਿਤਾ / ਗੀਤ ਬੋਲਣ ਲਈ ਖੁੱਲਾ ਸੱਦਾ
* ਬੱਚਿਆਂ ਦੇ ਨਾਮ ਦੇਣ ਲਈ ਆਖਰੀ ਮਿਤੀ 22 ਮਈ ੨੦੨੫
* ਕਾਲ ਕਰਨ ਤੋਂ ਪਹਿਲਾਂ ਮੈਸਜ ਕਰਨਾ ਜਰੂਰੀ ਹੈ ਜੀ
* ਬੱਚੇ ਦਾ ਪੂਰਾ ਨਾਮ,ਉਮਰ,ਗਰੇਡ,ਸਥਾਨ,ਕਵਿਤਾ ਜਾਂ ਗੀਤ ਦਾ ਨਾਮ ਦੇਣ ਤੋਂ ਇਲਾਵਾ ਮਾਂ ਜਾਂ ਬਾਪ ਦਾ ਕੰਟੈਕਟ ਦੇਣਾ ਵੀ ਜਰੂਰੀ ਹੈ ਜੀ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:-
ਗੁਰਦੀਸ਼ ਕੌਰ ਗਰੇਵਾਲ
+1 403 404 1450
ਜਸਵਿੰਦਰ ਸਿੰਘ ਰੁਪਾਲ
+91 98147 15796
ZOOM ID 98294816545 ਉਡੀਕਵਾਨ: ਈ ਦੀਵਾਨ ਸੋਸਾਇਟੀ ਕੈਲਗਰੀ ਦੀ ਸਮੂਹ ਸੰਗਤ ਤੇ ਅਹੁਦੇਦਾਰ

https://youtu.be/J2-tn-d1luo?feature=shared



## ਈ ਦੀਵਾਨ ਸੋਸਾਇਟੀ, ਕੈਲਗਰੀ ਵੱਲੋਂ ਅੰਤਰਰਾਸ਼ਟ੍ਰੀ ਬਾਲ ਕਵੀ-ਦਰਬਾਰ

ਰਿਪੋਰਟ : ਸਰਦਾਰ ਜਸਵਿੰਦਰ ਸਿੰਘ ਰੁਪਾਲ, ਕੈਲਗਰੀ (ਕੈਨੇਡਾ)

24 ਮਈ 2025 ਨੂੰ ਇਸ ਕਵੀ ਦਰਬਾਰ ਵਿੱਚ ਕਈ ਦੇਸ਼ਾਂ ਤੋਂ ਬੱਚੇ ਔਨਲਾਈਨ ਸ਼ਾਮਲ ਹੋ ਕੇ ਧਾਰਮਿਕ ਕਵਿਤਾਵਾਂ ਸੁਣਾਈਆਂ। ਪਹਿਲਾਂ ਸ. ਜਗਬੀਰ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਦੇ ਹੋਏ ਕਿਹਾ ਕਿ ਬੱਚਿਆਂ ਨੂੰ ਵੱਧ ਤੋਂ ਵੱਧ ਮੌਕੇ ਦੇਣੇ ਸਾਡਾ ਫਰਜ਼ ਅਤੇ ਸਮੇਂ ਦੀ ਲੋੜ ਹੈ। ਆਰੰਭ ਜੈਪੁਰ ਤੋਂ ਬ੍ਰਿਜਮਿੰਦਰ ਕੌਰ ਨੇ ਸ਼ਬਦ "ਤਖਤਿ ਬੈਠਾ ਅਰਜਨ ਗੁਰੂ" ਨਾਲ ਕੀਤਾ। ਟੋਰਾਂਟੋ ਤੋਂ ਸਿਮਰਲੀਨ ਕੌਰ ਅਤੇ ਪਰਮਜੀਤ ਸਿੰਘ ਨੇ ਇੱਕ ਗੀਤ "ਕਰੇ ਅਰਜੋਈ ਤੇਰੇ ਦਰ ਤੇ ਸੁਲੱਖਣੀ " ਸਾਜਾਂ ਨਾਲ ਸੁਣਾਇਆ।

ਹਰਸੀਰਤ ਕੌਰ ਅੰਮ੍ਰਿਤਸਰ ਨੇ "ਅਉਖੀ ਘੜੀ ਨ ਦੇਖਣ ਦੇਈ", ਅਰਸ਼ਪ੍ਰੀਤ ਕੌਰ ਤੇ ਗੁਰਸ਼ਰਨ ਸਿੰਘ ਨੇ "ਦੇਹ ਸਿਵਾ ਬਰੁ ਮੋਹਿ ਇਹੈ" ਅਤੇ ਜਪਸੀਰਤ ਕੌਰ ਨੇ "ਕਾਰਜੁ ਸਤਿਗੁਰਿ ਆਪਿ ਸਵਾਰਿਆ" ਸ਼ਬਦ ਪੇਸ਼ ਕੀਤੇ। ਰੁਚਿਰਾ ਭੰਡਾਰੀ ਨੇ ਆਪਣੀ ਕਵਿਤਾ "ਧੰਨ ਸ੍ਰੀ ਗੁਰੂ ਅਰਜਨ ਦੇਵ" ਸੁਣਾ ਕੇ ਇਤਿਹਾਸ ਨਾਲ ਸਾਂਝ ਪਵਾਈ। ਟੋਰਾਂਟੋ ਤੋਂ 8 ਸਾਲ ਦੀ ਬੱਚੀ ਰਹਿਤਪ੍ਰੀਤ ਕੌਰ ਨੇ ਕਵਿਤਾ "ਸਿੱਖੀ ਦਾ ਬੂਟਾ ਲਾਇਆ ਕਲਗੀਆਂ ਵਾਲੇ ਨੇ" ਸੁਣਾਈ। ਤਹਿਜ਼ੀਬ ਕੌਰ ਅਤੇ ਮਹਿਤਾਬ ਸਿੰਘ ਨੇ "ਬਚਿੱਤਰ ਸਿੰਘ ਜੋਧਾ ਪਰਉਪਕਾਰੀ" ਕਵਿਤਾ ਸੁਣਾਈ। ਜਪਨੀਤ ਕੌਰ ਮੋਰਿੰਡਾ ਨੇ ਗੁਰੂ ਅਰਜਨ ਦੇਵ ਜੀ ਤੇ ਕਵਿਤਾ "ਸੱਚ ਲਈ ਕੁਰਬਾਨੀ ਦੇ ਕੇ ਰਸਤਾ ਨਵਾਂ ਦਿਖਾ ਦਿੱਤਾ" ਸੁਣਾ ਕੇ ਸਾਂਝ ਪਵਾਈ। ਮਹਿਕਪ੍ਰੀਤ ਕੌਰ ਲੁਧਿਆਣਾ ਨੇ ਕਵਿਤਾ "ਸ਼ਹਾਦਤ ਦਾ ਬੂਟਾ" ਸੁਣਾ ਕੇ ਵਾਹ ਵਾਹ ਖੱਟੀ।


ਕਰਨਬੀਰ ਸਿੰਘ ਅੰਮ੍ਰਿਤਸਰ ਨੇ ਕਵਿਤਾ "ਐਪਰ ਪੁਰੀ ਅਨੰਦ ਦੇ ਵਾਸੀਆ ਵੇ ਤੇਰੇ ਚਿਹਰੇ ਤੇ ਵੱਖਰਾ ਨੂਰ ਦਿਸੇ" ਸੁਣਾਈ। ਅਮਨਦੀਪ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਕਵਿਤਾ ਰਾਹੀਂ ਯਾਦ ਕੀਤਾ। ਸਬਰੀਨ ਕੌਰ ਅਤੇ ਰਿਜੁਲਦੀਪ ਸਿੰਘ ਅੰਮ੍ਰਿਤਸਰ ਨੇ ਸਾਂਝੇ ਤੌਰ ਤੇ ਗੀਤ "ਧੰਨ ਜਿਗਰਾ ਕਲਗੀਆਂ ਵਾਲੇ ਦਾ" ਤਰੰਨਮ ਵਿਚ ਗਾ ਕੇ ਸੁਣਾਇਆ। ਮੋਹਕਮ ਸਿੰਘ ਚੌਹਾਨ ਕੈਲਗਰੀ ਨੇ ਗੀਤ "ਰੰਗ ਸੂਹਾ ਸੂਹਾ ਹੋਇਆ ਹੈ ਅੱਜ ਵਤਨ ਦੀਆਂ ਗੁਲਜ਼ਾਰਾਂ ਦਾ" ਗਾ ਕੇ ਭਾਵੁਕ ਕਰ ਦਿੱਤਾ। ਸਿਦਕ ਸਿੰਘ ਨੇ ਗੁਰਦੀਸ਼ ਕੌਰ ਗਰੇਵਾਲ ਦੀ ਕਵਿਤਾ "ਸਿੱਖ ਸਰਦਾਰ" ਸੁਣਾ ਕੇ ਆਪਣੀ ਸਰਦਾਰੀ ਸੰਭਾਲਣ ਦਾ ਬਚਨ ਦੁਹਰਾਇਆ। ਨੰਨ੍ਹੇ ਤੇਗ ਕੌਰ ਬਾਠ ,ਜਪ ਸਿੰਘ ਗਿੱਲ ਅਤੇ ਨੂਰ ਕੌਰ ਗਰੇਵਾਲ ਨੇ ਦਸਾਂ ਪਾਤਸ਼ਾਹੀਆਂ ਦੇ ਨਾਮ, ਅੰਬਰ ਕੌਰ ਗਿੱਲ ਨੇ ਚਾਰ ਸਾਹਿਬਜ਼ਾਦਿਆਂ ਦੇ ਨਾਮ ਅਤੇ ਜਤਿਨਪਾਲ ਸਿੰਘ ਮੋਰਿੰਡਾ ਨੇ ਜਪੁਜੀ ਸਾਹਿਬ ਦੀਆਂ ਦੋ ਪਉੜੀਆਂ ਸੁਣਾਈਆਂ। ਤਰਨਤਾਰਨ ਤੋਂ ਪ੍ਰਭਨੂਰ ਕੌਰ ਦੀ ਕਵਿਤਾ " ਹੱਸੇ ਰੱਸੇ ਵੱਸੇ ਮੇਰਾ ਸੋਹਣਾ ਜਿਹਾ ਪੰਜਾਬ ਨੀ" ਪੰਜਾਬ ਦੇ ਸਭਿਆਚਾਰ ਦੀ ਤਸਵੀਰ ਸੀ।

ਸਟੇਜ ਸਕੱਤਰ ਗੁਰਦੀਸ਼ ਕੌਰ ਗਰੇਵਾਲ ਬੱਚਿਆਂ ਨੂੰ ਹੱਲਾਸ਼ੇਰੀ ਦਿੰਦੇ ਰਹੇ। ਡਾ ਸੁਰਜੀਤ ਸਿੰਘ ਭੱਟੀ ਨੇ ਸੋਸਾਇਟੀ ਦੇ ਮੈਗਜ਼ੀਨ ਸਾਂਝੀ ਵਿਰਾਸਤ ਵਿਚ ਬਚਿਆ ਲਈ ਅਲੱਗ ਸਥਾਨ ਰੱਖਣ ਦਾ ਫੈਸਲਾ ਸੁਣਾਇਆ। ਡਾ. ਬਲਰਾਜ ਸਿੰਘ ਅਤੇ ਡਾ. ਕਾਬਲ ਸਿੰਘ ਨੇ ਬੱਚਿਆਂ ਅਤੇ ਮਾਪਿਆਂ ਦਾ ਧੰਨਵਾਦ ਕੀਤਾ।

## ਧੰਨ ਗੁਰੂ ਸ੍ਰੀ ਅਰਜਨ ਦੇਵ ਜੀ

ਰੁਚਿਕਾ ਭੰਡਾਰੀ, ਟੋਰੋਂਟੋ (ਕੈਨੇਡਾ)

ਸਿੱਖ ਧਰਮ ਵਿੱਚ ਰੱਖੀ ਜਿਸਨੇ
ਨੀਂਹ ਕੁਰਬਾਨੀ ਦੀ,
ਅਤੇ ਆਦਿ ਗ੍ਰੰਥ ਵਿੱਚ ਲਿਖੀ ਜਿਸਨੇ
ਸਿੱਖਿਆ ਗੁਰਬਾਣੀ ਦੀ।




ਧੰਨ ਗੁਰੂ ਸ੍ਰੀ ਅਰਜਨ ਦੇਵ ਜੀ,
ਪਰਣਾਮ ਤੇਰੀ ਸ਼ਹਾਦਤ ਨੂੰ,
ਬੈਠ ਕੇ ਤੱਤੀ ਤਵੀ ਉੱਤੇ ਵੀ,
ਡੋਲਿਆ ਨਹੀਂ ਦਿਲ ਇਬਾਦਤ ਨੂੰ।

ਦਿੱਤੀ ਕੌਮ ਲਈ ਕੁਰਬਾਨੀ,
ਸਭ ਕੁਝ ਆਪ ’ਤੇ ਸਹਾਰਿਆ,
ਅਹਿਸਾਸ ਨਹੀਂ ਸੀ ਵੈਰੀਆਂ ਨੂੰ,
ਉਹਨਾਂ ਕੀ ਸੀ ਕਹਿਰ ਗੁਜਾਰਿਆ।

ਦਿਤੀ ਕੁਰਬਾਨੀ ਜੋ ਸਾਡੇ ਗੁਰੂਆਂ ਨੇ,
ਅਸੀਂ ਮੁੱਲ ਨਹੀਂ ਉਸਦਾ ਤਾਰ ਸਕੇ,
ਕਿਉਂ ਨਫਰਤ, ਲਾਲਚ, ਮੋਹ ਮਾਇਆ ਨੂੰ
ਦਿਲ ’ਚੋਂ ਨਹੀਂ ਵਿਸਾਰ ਸਕੇ।

ਸਾਡੇ ਗੁਰੂਆਂ ਦੀ ਕੁਰਬਾਨੀ ਅਸੀਂ
ਦਿਲ ਵਿਚ ਆਪਣੇ ਯਾਦ ਰਖੀਏ,
ਹੇ ਸੱਚੇ ਪਾਤਸ਼ਾਹ! ਸਹੀ ਰਸਤੇ ਪਾ,
ਬਸ ਦਿਲ ਵਿੱਚ ਇਹ ਫ਼ਰਿਆਦ ਰਖੀਏ।

ਪੜ੍ਹ ਗੁਰਾਂ ਦੀ ਬਾਣੀ,
ਸਭ ਦਰਿਆ ਅੱਗ ਦੇ ਹੋ ਪਾਰ ਜਾਂਦੇ,
ਬੈਠ ਕੇ ਤੱਤੀ ਤਵੀ ’ਤੇ ਵੀ,
ਗੁਰੂ ਡੁੱਬਦੇ ਜਗਤ ਨੂੰ ਤਾਰ ਜਾਂਦੇ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ 'ਵਿਸ਼ਵ ਪੰਜਾਬੀ ਕਵੀ ਸਭਾ' ਦੇ ਸਕੱਤਰ ਅਤੇ 'ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ' ਦੇ ਜਨਰਲ ਸਕੱਤਰ ਹਨ। ਕਈ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਤੋਂ ਦੋ ਵਾਰ, ਭਾਰਤ ਅਤੇ ਸਾਹਿਤ ਸਭਾਵਾਂ ਤੋਂ ਕਈ ਵਾਰ ਸਨਮਾਨ ਮਿਲੇ ਹਨ। 'ਭਾਈ ਵੀਰ ਸਿੰਘ' ਅਵਾਰਡ ਵੀ ਮਿਲਿਆ।

ਡਾ. ਸਰਦਾਰ ਕਾਬਲ ਸਿੰਘ, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕਰ ਕੇ ਸਮਕਾਲੀ ਮਸਲਿਆਂ ਬਾਰੇ ਲਿਖਦੇ ਹਨ।

ਪ੍ਰੋਫੈਸਰ ਸਰਦਾਰ ਮਨਿੰਦਰ ਸਿੰਘ, ਐਮ.ਏ. ਕਰ ਕੇ ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹੇ। ਭਾਰਤ, ਮਲੇਸ਼ੀਆ, ਸਿੰਗਾਪੁਰ, ਅਤੇ ਕੈਨੇਡਾ ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ। ਇੱਕ ਮੈਗਜ਼ੀਨ "ਜੋਤ ਤੇ ਜੁਗਤ" ਅਤੇ ਚਾਰ ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। (Web: http://www.mypanorama.ca.)

ਸਰਦਾਰ ਕਰਮਜੀਤ ਸਿੰਘ ਨੂਰ 2008 ਵਿੱਚ 'ਐਕਸੀਅਨ' ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਭਾਰਤ ਅਤੇ ਵਿਦੇਸ਼ਾਂ ਵਿਚ ਕਵੀ ਦਰਬਾਰਾਂ ਵਿਚ ਅਨੇਕਾਂ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿੱਤਾ ਗਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ।

ਸਰਦਾਰ ਜਸਵਿੰਦਰ ਸਿੰਘ ਰੂਪਾਲ, ਐਮ. ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋ-ਵਿਗਿਆਨ ਅਤੇ ਪੱਤਰਕਾਰੀ ਵਿਚ) ਅਤੇ ਬੀ. ਐਡ. ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਅਤੇ ਆਲੋਚਨਾ ਦੀਆਂ 30 ਸਾਂਝੀਆਂ ਪੁਸਤਕਾਂ ਅਤੇ ਆਪਣੀਆਂ ਦੋ ਪੁਸਤਕਾਂ ਛਾਪੀਆਂ ਹਨ। ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। (rupaljs@gmail.com).

**Ruchira Bhandari** came to Canada in 2017. She obtained MBA in Finance and is working as a Finance Professional in Toronto. She inherited love for poetry from her father and is writing since she was 13 years old and got several awards.

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ : ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਬਾਰੇ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ Times New Roman (14 ਫੌਂਟ) ਵਿਚ ਹੋਵੇ ਜੀ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਤੇ ਹਾਸ਼ੀਏ ਲਈ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ, (ਚਾਹੁਣ ਤਾਂ ਪਾਸਪੋਰਟ ਸਾਈਜ਼ ਦੀ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਆਪਣੀ ਸੰਖੇਪ ਜਾਣਕਾਰੀ ਦੇਣ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ - 800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਬਹੁਤੇ ਲੰਬੇ ਲੇਖ *sanjihivrasat.org* ਦੇ 'ਬਲੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '*Copyright Infringement*' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ/ ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦੱਸਣਾ ਜ਼ਰੂਰੀ ਹੈ ਜੀ।

## Important Information for Authors

1. Magazine Policy : To Promote Punjabi Culture, History and Heritage (By Secular, Non-Political, Non-Personal Articles/Poems, after Review)
2. Editorial Board : Will not be responsible for views of Authors / Poets.
3. Font preferred 14 : Panjabi-'Anmol Lipi' (English -Times New Roman)
4. Spacing, margin : Line-to-line 1.0, Margins One Inch on all four sides.
5. Format -WORD : No PDF, Photocopy, Print-screen, Snip, Office-Lens
6. Author's Data : Name, City (Country), A Brief (own) Introduction, Give Phone, E-mail, or WhatsApp. (photo - optional)
7. Maximum : Two pages (Including Photo) of 800 Laptop words.
8. Longer Articles : On BLOG Website *(sanjhivirasat.org)* or serialized.
9. Copy -Right (CR) : Authors will ensure there is 'No CR' Infringement.
10. References : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)

| | |
|---|---|
| ਡਾ. ਸਰਦਾਰ ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਸਰਦਾਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਸਰਦਾਰ ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਸਰਦਾਰ ਜਸਵਿੰਦਰ ਸਿੰਘ ਰੁਪਾਲ | ਕੈਲਗਰੀ (ਕੈਨੇਡਾ) |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਸਰਦਾਰ ਰਾਜਬੀਰ ਸਿੰਘ ਭੱਟੀ (ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸਰਦਾਰ ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ. ਸਰਦਾਰ ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਸਰਦਾਰ ਦੇਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਸਰਦਾਰ ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ




ਡਾ. ਰਾਜਾ ਬਲਰਾਜ ਸਿੰਘ



ਗੁਰਦੀਸ਼ ਕੌਰ ਗਰੇਵਾਲ



ਪ੍ਰੋਫ਼ੈਸਰ ਮਨਿੰਦਰ ਸਿੰਘ



ਡਾ. ਕਾਬਲ ਸਿੰਘ



ਡਾ. ਬਲਦੇਵ ਸਿੰਘ



ਸ੍ਰ. ਜਗਬੀਰ ਸਿੰਘ ਕੋਹਲੀ



ਸ੍ਰ. ਪਰਮਜੀਤ ਸਿੰਘ



ਸ੍ਰ. ਜਸਵਿੰਦਰ ਸਿੰਘ ਰੁਪਾਲ



ਸ੍ਰ. ਉਂਕਾਰ ਸਿੰਘ ਟਿਵਾਣਾ



ਡਾ. ਰਾਜਬੀਰ ਸਿੰਘ ਭੱਟੀ



ਸ੍ਰ. ਯੁਵਰਾਜ ਸਿੰਘ



ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ



ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖੋ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ